
Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪੰਜ ਦਰਿਆ



## ਗੁਰੂ ਨਾਨਕ ਪੰਜ ਸੌ ਸਾਲਾ ਪਰਕਾਸ਼ ਉਤਸਵ ਅੰਕ



ਗੁਰਦੁਆਰਾ ਜਨਮ ਅਸਥਾਨ-ਨਨਕਾਣਾ ਸਾਹਿਬ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਦੇਵ ਜੀ

## ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੀ ਸਾਰੇ ਸੰਸਾਰ ਤੇ ਸਿੱਖ ਜਗਤ ਨੂੰ ਲਖ ਲਖ ਵਧਾਈ ਹੋਵੇ ।

### ਸਹਾਇਕ ਬਣੋ

ਧਰਮ, ਸਿੱਖੀ ਤੇ ਪੰਜਾਬੀ ਦੇ ਪਰਚਾਰ ਲਈ ਪੰਜਾਬੀ ਟਰੈਕਟ ਸੁਸਾਇਟੀ ਦੇ ਕੇਵਲ ਇਕ ਰੁਪਇਆ ਮਾਹਵਾਰ ਸਹਾਇਤਾ ਦੇ ਕੇ ਆਪ ਸਹਾਇਕ ਬਣੋ ਅਤੇ ਹੋਰ ਸਜਣਾਂ ਮਿਤਰਾਂ ਤੇ ਰਿਸਤੇਦਾਰਾਂ ਨੂੰ ਸਹਾਇਕ ਬਣਾ ਕੇ ਪਰਬੰਧਕਾਂ ਦੇ ਹੌਸਲੇ ਵਧਾਉ ।

---

ਸਾਜਨ ਪ੍ਰਿੰਟਰਜ਼ ਬਾਜ਼ਾਰ ਰਾਧਾ ਕ੍ਰਿਸ਼ਨ ਅੰਬਾਲਾ ਸ਼ਹਿਰ ਵਿਚ ਛਪਿਆ ਤੇ ਪੰਜਾਬੀ ਟ੍ਰੈਕਟ ਸੁਸਾਇਟੀ ੯੧੬੪/੫ ਬਾਜ਼ਾਰ ਰਾਧਾ ਕ੍ਰਿਸ਼ਨ ਅੰਬਾਲਾ ਸ਼ਹਿਰ ਨੇ ਪਰਕਾਸ਼ਤ ਕੀਤਾ ।

Digitized by Panjab Digital Library | www.panjabdigilib.org

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ।

ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ।

# ਪ੍ਰੇਮ-ਸੁਮਾਰਗ

## ਅੰਬਾਲਾ ਸ਼ਹਿਰ

ਜਿਲਦ ੧੪]  ਨਵੰਬਰ-ਦਸੰਬਰ — ੧੯੬੯  [ਨੰਬਰ ੧੧-੧੨

## ਮੂਲ ਮੰਤਰ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ।

### ॥ ਜਪੁ ॥

ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚ ਨਾਨਕ
ਹੋਸੀ ਭੀ ਸਚੁ ॥੧॥

(ਸ੍ਰੀ ਗੁਰੂ ਨਾਨਕ ਦੇਵ ਜੀ)

Digitized by Panjab Digital Library | www.panjabdigilib.org

# ☩ ਭਾਈ ਗੁਰਦਾਸ ਜੀ ☩

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੁ ਨਾਨਕੁ ਜਗ ਮਾਹਿ ਪਠਾਯਾ।
ਚਰਨ ਧੋਇ ਰਹਿਰਾਸਿ ਕਰਿ ਚਰਨਾਮ੍ਰਿਤ ਸਿਖਾਂ ਪੀਲਾਯਾ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਯਾ।
ਚਾਰੇ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ।
ਰਾਨਾ ਰੰਕ ਬਰਾਬਰੀ ਪੈਰੀ ਪਵਣਾਂ ਜਗਿ ਵਰਤਾਯਾ।
ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸ ਨਿਵਾਯਾ।
ਕਲਿਜੁਗ ਬਾਬੇ ਤਾਰਿਆ ਸਤਿਨਾਮ ਪੜ੍ਹ ਮੰਤ੍ਰ ਸੁਣਾਯਾ।
ਕਲਿ ਤਾਰਣ ਗੁਰੂ ਨਾਨਕ ਆਯਾ ।੨੩।

———

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਾਲੀ ਭੰਨੀ ਜਾਇ ਨ ਧੀਰ ਧਰੋਆ।
ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ।
ਸਿਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ।
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ।
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਵੀ ਸੱਚਾ ਢੋਆ।
ਗੁਰਮੁਖ ਕਲਿ ਵਿਚ ਪਰਗਟ ਹੋਆ ।੨੭।

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਦੇਵ ਜੀ
# ਦੀ
# ਸੰਸਾਰ ਫੇਰੀ ਦਾ ਸੰਖੇਪ

ਜਨਮ ਦਿਨ :— ਵਿਸਾਖ ਸੁਦੀ ੩ (੨੦ ਵਿਸਾਖ) ਸੰਮਤ ੧੫੨੬ ਮੁਤਾਬਕ ੧੫ ਅਪ੍ਰੈਲ ਸੰਨ ੧੪੬੯, ਛਨਿਛਰਵਾਰ ।

ਜਨਮ ਨਗਰ :— ਰਾਇ ਭੋਇ ਦੀ ਤਲਵੰਡੀ (ਜਿਸਦਾ ਨਾਂ ਮਗਰੋਂ ਸ੍ਰੀ ਨਨਕਾਣਾ ਸਾਹਿਬ ਪਰਸਿਧ ਹੋਇਆ) ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ)

ਮਾਤਾ-ਪਿਤਾ :— ਪਿਤਾ ਮਹਿਤਾ ਕਲਿਆਣ ਦਾਸ ਜੀ (ਮਹਿਤਾਕਾਲੂ) ਮਾਤਾ ਸ੍ਰੀ ਤ੍ਰਿਪਤਾ ਜੀ ।

ਵਿਆਹ :— ਪਖੋਕੇ ਰੰਧਾਵੇ ਜ਼ਿਲਾ ਗੁਰਦਾਸਪੁਰ ਦੇ ਸ੍ਰੀ ਮੂਲ ਚੰਦ ਜੀ ਦੀ ਸਪੁਤਰੀ ਸ੍ਰੀ ਸੁਲਖਣੀ ਜੀ ਨਾਲ ਸੰਮਤ ੧੫੪੪ ਵਿਚ ਹੋਇਆ ।

ਸੰਤਾਨ :— ਬਾਬਾ ਸ੍ਰੀ ਚੰਦ ਜੀ (ਜਨਮ ਸੰਮਤ ੧੫੫੧ ਮੁਃ ਸੰਨ ੧੪੯੪) ਤੇ ਬਾਬਾ ਲਖਮੀ ਦਾਸ ਜੀ (ਸੰਮਤ ੧੫੫੩ ਮੁਃ ਸੰਨ ੧੪੯੭)

ਪਹਿਲੀ ਉਦਾਸੀ :- ਪੂਰਬ ਦੀ, ਸੰਮਤ ੧੫੫੪ ਮੁਃ ਸੰਨ ੧੪੯੭

ਦੂਜੀ ਉਦਾਸੀ :- ਦੱਖਣ ਦੀ, ਸੰਮਤ ੧੫੬੮ ਮੁਃ ਸੰਨ ੧੫੧੦

ਤੀਜੀ ਉਦਾਸੀ :- ਉਤਰ ਦੀ, ਸੰਮਤ ੧੫੭੩ ਮੁਃ ਸੰਨ ੧੫੧੬

ਚੌਥੀ ਉਦਾਸੀ :- ਪੱਛਮ ਦੀ, ਸੰਮਤ ੧੫੭੫ ਮੁਃ ਸੰਨ ੧੫੧੮

ਜੋਤੀ ਜੋਤ ਸਮਾਏ :- ਸ੍ਰੀ ਕਰਤਾਰ ਪੁਰ (ਪਾਕਿਸਤਾਨ) ਅਸੂ ਵਦੀ ੧੦ (੭ ਅਸੂ) ਸੰਮਤ ੧੫੯੬ ਮੁਃ ੭ ਸਤੰਬਰ ੧੫੩੯.

Digitized by Panjab Digital Library | www.panjabdigilib.org

# ਗੁਰੂ ਨਾਨਕ ਸਾਹਿਬ ਜੀ ਦੇ ਸੰਬੰਧਿਤ ਵਿਅਕਤੀਆਂ

1. ਵੰਸ –ਸੂਰਜ ਬੰਸੀ (ਰਘੁਕੁਲ) ਬੇਦੀ।
2. ਪੜਦਾਦਾ—ਰਾਮ ਨਾਰਾਇਣ ਜੀ।
3. ਦਾਦਾ—ਸ਼ਿਵ ਰਾਮ ਦਾਸ ਜੀ।
4. ਪਿਤਾ–ਕਲਿਆਣ ਦਾਸ ਜੀ। ੫. ਮਾਤਾ–ਸ੍ਰੀ ਮਤੀ ਤ੍ਰਿਪਤਾ ਜੀ।
6. ਚਾਚਾ—ਲਾਲ ਚੰਦ ਜੀ।
7. ਮਹਿਲ—ਸ੍ਰੀ ਮਤੀ ਸੁਲਖਣੀ ਜੀ।
8. ਸਹੁਰਾ—ਮੂਲ ਚੰਦ ਜੀ 9. ਸੱਸ—ਸ੍ਰੀ ਮਤੀ ਚੰਦੋ ਰਾਣੀ ਜੀ
10. ਮਾਮਾ—ਕ੍ਰਿਸ਼ਨਾ ਜੀ। 11. ਭੈਣ—ਨਾਨਕੀ ਜੀ
12. ਭਣਵਈਆ—ਜੈ ਰਾਮ ਜੀ। 13. ਮਸੇਰਾ ਭਰਾ—ਰਾਮ ਰਤਨ ਜੀ
14. ਪਹਿਲਾ ਸਪੁਤਰ –ਸ੍ਰੀ ਚੰਦ ਜੀ।
15. ਦੂਸਰਾ ਸਪੁਤਰ– ਸ੍ਰੀ ਲਖਮੀ ਚੰਦ ਜੀ।
16. ਨਾਨੀ—ਸ੍ਰੀ ਮਤੀ ਸਭਰਾਈ ਜੀ। 17. ਨਾਨਾ—ਰਾਮਾ ਜੀ।
18. ਦਾਈ—ਦੌਲਤਾਂ 19. ਦਾਸੀ – ਤੁਲਸਾਂ
20. ਸਹੁਰੇ ਘਰ ਵਿਚੋਂ ਇਕ ਟਹਿਣ—ਪਰੇਮੋ(ਮਹਿਰੀ)
21. ਸਮੇਂ ਦਾ ਬਾਦਸ਼ਾਹ—ਬਹਿਲੋਲ ਲੋਧੀ, ਇਬਰਾਹੀਮ ਲੋਧੀ ਤੇ ਬਾਬਰ (ਮੁਗਲ)
22. ਪਰਗਣੇ ਦਾ ਹਾਕਮ—ਰਾਏ ਬੁਲਾਰ ਜੀ।
23. ਨਿਕਟ ਵਰਤੀ ਸੇਵਾਦਾਰ—ਭਾਈ ਮਰਦਾਨਾ ਤੇ ਭਾਈ ਬਾਲਾ ਜੀ।
24. ਪਹਿਲਾ ਸਿੱਖ ਜਿਸਨੇ "ਗੁਰੂ ਅਵਤਾਰ" ਕਰਕੇ ਜਾਣਿਆ ਤੇ ਨਮਸਕਾਰ ਕੀਤੀ। (ਪੰਡਿਤ ਹਰਿ ਦਿਆਲ ਜੀ)
25. ਆਤਮ ਸਰੂਪ ਦਾ ਅਦੁਤੀ ਰੂਪ ਦੂਜੀ ਵਿਅਕਤੀ ਅਗੇ ਨਮਸਕਾਰ ਸਹਿਤ ਪ੍ਰਦਾਨ ਕਰਨਾ — ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ ਜੀ)

Digitized by Panjab Digital Library | www.panjabdigilib.org

# ਗੁਰੂ ਨਾਨਕ ਦੇਵ ਜੀ ਦੀ

# ਸ਼ੁਧ ਬੰਸਾਵਲੀ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੰਸ ਪਰੰਪਰਾ ਦਾ ਪਿਛਲਾ ਬ੍ਰਿਰਤਾਂਤ ਸੂਰਜ ਵੰਸ ਨਾਲ ਜਾ ਮਿਲਦਾ ਹੈ। ਇਸ ਸਾਰੀ ਵਾਰਤਾ ਨੂੰ ਸੰਖੇਪ ਕਰਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਖਾਰ ਬਿੰਦ ਤੋਂ ਅਤੇ ਪਾਵਨ ਹਸਤ ਕਮਲਾਂ ਦੁਆਰਾ ਰਚੀ ਹੋਈ ਬਾਣੀ "ਬਚਿਤਰ ਨਾਟਕ" ਵਿਚ ਵਿਸਥਾਰ ਪੂਰਵਕ ਦਸਿਆ ਹੈ। ਪ੍ਰਾਚੀਨ ਇਤਿਹਾਸ ਮਹਾਂਭਾਰਤ, ਦੇਵੀ ਪੁਰਾਣ ਤੇ ਭਾਗਵਤ ਪੁਰਾਣ ਆਦਿਕ ਗ੍ਰੰਥਾਂ ਤੋਂ ਪਤਾ ਚਲਦਾ ਹੈ ਕਿ ਸ੍ਰਿਸ਼ਟੀ ਦੀ ਉਤਪਤੀ ਵੇਲੇ ਬ੍ਰਹਮਾਂ ਜੀ ਨੇ ਇਛਿਆ ਮਾਤਰ ਦੋ ਪੁਤਰ ਉਤਪਨ ਕੀਤੇ ਜਿਨ੍ਹਾਂ ਦੇ ਨਾਮ ਮਰੀਚ ਤੇ ਅਤਰੀ ਸੀ। ਇਹ ਦੋਵੇਂ ਮੁਨੀ ਬੜੇ ਪਰਤਾਪਵਾਨ ਅਤੇ ਅਨੇਕ ਸ਼ਕਤੀ ਕਲਾ ਵਾਲੇ ਸਨ। ਮਰੀਚ ਨੇ ਇਛਿਆ ਅਨੁਸਾਰ ਕਸ਼ਪ ਮੁਨੀ ਜੀ ਨੂੰ ਉਤਪਨ ਕੀਤਾ ਤੇ ਕਸ਼ਪ ਤੋਂ ਸੂਰਜ ਵੰਸੀ ਪਰਜਾ ਉਤਪੰਨ ਹੋਈ। ਅਤਰੀ ਮੁਨੀ ਦੇ ਅੰਸ ਤੋਂ ਪੁਤਰ ਸੋਮ ਹੋਇਆ ਜਿਸਦੀ ਪਰਜਾ ਚੰਦਰਵੰਸੀ ਕਰਕੇ ਪਰਸਿਧ ਹੋਈ।

ਸੂਰਜਵੰਸੀ ਵਿਚੋਂ ਇਕ ਮਹਾਂ ਸ਼ਕਤੀਵਾਨ ਰਾਜਾ ਮਨੂ ਹੋਇਆ ਤੇ ਇਸੇ ਅੰਸ ਵਿਚੋਂ ਭਰਤ ਨਾਮ ਦਾ ਮਹਾਂ ਪਰਤਾਪੀ ਤੇ ਸਤਿਵਾਦੀ ਹੋਇਆ, ਜਿਸ ਦੇ ਨਾਮ ਤੇ "ਭਾਰਤ ਖੰਡ" ਕਰਕੇ ਪਰਸਿਧ ਹੋਇਆ ਹੈ। ਇਸੇ ਅੰਸ ਵਿਚੋਂ ਇਕ ਸ਼ਵਾਕੂ ਨਾਮ ਦਾ ਰਾਜਾ ਹੋਇਆ ਹੈ। ਅਗੇ ਜਾਕੇ ਫੇਰ ਰਘੁ ਨਾਮ ਕਰਕੇ ਬਹੁਤ ਤੇਜਸਵੀ ਤੇ ਧਰਮੀ ਰਾਜਾ ਹੋਇਆ ਹੈ। ਇਸੇ ਰਘੁਵੰਸ ਤੋਂ ਰਾਜਾ ਦਸਰਥ ਜੀ ਹੋਏ ਹਨ। ਦਸਰਥ ਜੀ ਦੇ ਅੰਸ ਤੋਂ ਸ੍ਰੀ ਰਾਮ ਚੰਦਰ ਜੀ, ਸ੍ਰੀ ਲਛਮਨ ਜੀ, ਭਰਤ ਤੇ ਸ਼ਤਰੂਘਨ ਜੀ ਚਾਰ ਸਪੁਤਰ ਹੋਏ। ਇਹਨਾਂ ਉਪ੍ਰੋਕਤ

Digitized by Panjab Digital Library | www.panjabdigilib.org

ਸੂਰਜਵੰਸੀ ਰਾਜਿਆਂ ਦੀ ਰਾਜਧਾਨੀ ਅਯੁਧਿਆਪੁਰੀ ਨੀਯਤ ਕੀਤੀ ਚਲੀ ਆਉਂਦੀ ਰਹੀ। ਚੰਦਰਵੰਸੀਆਂ ਦੀ ਰਾਜਧਾਨੀ ਹਸਤਨਾਪੁਰ (ਦਿਲੀ) ਨੀਯਤ ਕੀਤੀ ਹੋਈ ਸੀ।

ਸ੍ਰੀ ਰਾਮ ਚੰਦਰ ਜੀ ਦੇ ਅਗੋਂ ਦੋ ਸਪੁਤਰ ਲਵ ਤੇ ਕੁਸ਼ੂ ਹੋਏ। ਲਵ ਨੇ ਲਾਹੌਰ ਤੇ ਕੁਸ਼ੂ ਕਸੂਰ ਸ਼ਹਿਰ ਵਸਾਏ। ਦੋਵਾਂ ਭਰਾਵਾਂ ਨੇ ਬੌਹੁਤ ਸਮੇਂ ਤਕ ਰਾਜੁ ਕੀਤਾ। ਬਹੁਤ ਸਮੇਂ ਦੇ ਬਾਦ ਕੁਸ਼ੂ ਦੀ ਵੰਸ ਕਾਲ ਕੇਤੁ ਤੇ ਲਵ ਦੀ ਸੰਤਾਨ ਤੋਂ ਕਾਲ ਰਾਇ ਦੋ ਰਾਜੇ ਹੋਏ। ਇਹਨਾਂ ਦੋਵਾਂ ਦਾ ਆਪਸ ਵਿਚ ਘੋਰ ਸੰਗਰਾਮ ਕਾਫੀ ਸਮੇਂ ਤਕ ਹੁੰਦਾ ਰਿਹਾ ਜਿਸ ਵਿਚੋਂ *ਕਾਲ ਕੇਤੁ ਫਤਹਯਾਬ ਹੋਇਆ। ਕਾਲ ਰਾਇ ਹਾਰ ਖਾਕੇ ਆਪਣੇ ਦੇਸ ਨੂੰ ਛਡ ਕੇ ਸਨੌਢ ਦੇਸ਼ ਜਾ ਪਹੁੰਚਿਆ। ਸਨੌਢ ਦੇਸ਼ ਮਥੁਰਾ,ਆਗਰਾ, ਝਾਂਸੀ ਤੇ ਭਰਤਪੁਰ ਆਦਿਕ ਦਾ ਇਲਾਕਾ ਹੈ। ਇਥੇ ਆਕੇ ਸਨੌਢ ਦੇਸ ਦੀ ਰਾਜ ਕੰਨਿਆਂ ਨਾਲ ਕਾਲ ਰਾਇ ਨੇ ਵਿਵਾਹ ਕਰਕੇ ਉਸ ਤੋਂ ਸੰਤਾਨ ਉਤਪੰਨ ਕੀਤੀ, ਉਹ ਸੰਤਾਨ ਉਸ ਦੇਸ ਦੇ ਨਾਮ ਨਾਲ ਮਿਲਦੇ ਜੁਲਦੇ ਹੋਣ ਕਰਕੇ "ਸੋਢ ਵੰਸ" ਕਰਕੇ ਪਰਸਿਧ ਹੋਈ।

ਇਸੇ ਸੋਢ ਵੰਸ਼ ਦੀ ਪੰਜਵੀਂ ਪੀੜੀ ਤੋਂ ਇਕ ਵਿਜੈਰਾਇ ਨਾਮ ਦਾ ਬਹੁਤ ਬਲਵਾਨ ਤੇ ਜੋਧਾ ਰਾਜਾ ਹੋਇਆ ਹੈ। ਇਹ ਲਵ ਦੀ ਅੰਸ ਵਿਚੋਂ ਸੀ। ਇਸਨੇ ਪੰਜਾਬ ਦੇਸ ਤੇ ਜਾਕੇ ਕੁਸ਼ੂ ਦੀ ਸੰਤਾਨ ਨਾਲ ਯੁਧ ਕੀਤਾ। ਕੁਸ਼ ਵੰਸੀ ਦੇ ਸਮੂੰਹ ਰਾਜੇ ਭਾਂਜ ਖਾ ਕੇ ਵਿਜੈ ਰਾਇ ਦੇ ਅਧੀਨ ਹੋ ਗਏ ਤੇ ਬੜੇ ਦੁਖੀ ਹੋਣ ਕਰਕੇ ਪੂਰਬ ਦੇਸ (ਕਾਨਪੁਰ, ਲਖਨਾਊ, ਅਵਧਪੁਰੀ ਆਦਿਕ ਦੇ ਇਲਾਕੇ) ਵਲ ਚਲੇ ਗਏ। ਇਥੇ ਆਕੇ ਆਪਣੇ ਆਪ ਨੂੰ "ਠਾਕੁਰ,, ਅਖਵਾਉਣ ਲਗ ਪਏ। ਇਹ ਠਾਕੁਰ ਉਸੇ ਕੁਸ਼ੂ ਦੀ

*ਦੇਖੋ ਬਚਿਤਰ ਨਾਟਕ ਦਾ ਧਿਆਇ ਦੂਜਾ

Digitized by Panjab Digital Library | www.panjabdigilib.org

ਅੰਸ ਵਿਚੋਂ ਹਨ। ਜੋ ਹੁਣ ਤਕ ਉਥੋਂ ਦੇ ਇਲਾਕੇ ਅੰਦਰ ਪਰਸਿਧ ਹਨ। ਉਹਨਾਂ ਵਿਚੋਂ ਕਈ ਸੰਸਾਰ ਵਲੋਂ ਉਦਾਸ ਹੋ ਕੇ ਵਿਰਕਤ ਰੂਪ ਕਰਕੇ ਕਾਂਸ਼ੀ, ਬਨਾਰਸ ਆਦਿਕ ਤੀਰਥਾਂ ਤੇ ਜਾ ਕੇ ਸਾਧੂ ਬਣ ਗਏ ਤੇ ਬ੍ਰਹਮ ਵਿਦਿਆ ਦਾ ਅਭਿਆਸ ਕਰਨ ਲਈ ਵੇਦ ਪੜ੍ਹਨ ਲਗ ਪਏ। ਜਿਨ੍ਹਾਂ ਦੀ ਬਾਬਤ ਗੁਰੂ ਸਾਹਿਬ ਜੀ ਬਚਿਤਰ ਨਾਟਕ ਵਿਚ ਇਸ ਤਰ੍ਹਾਂ ਲਿਖਦੇ ਹਨ :-

"ਲਵੀ ਸਰਬ ਜੀਤੇ ਕੁਸੀ ਸਰਬ ਹਾਰੇ"
"ਬਚੇ ਜੇ ਬਲੀ ਪ੍ਰਾਨ ਲੈਕੇ ਸਿਧਾਰੇ"
"ਚਤੁਰ ਬੇਦ ਪੱਠਿਯੋ ਕੀਯੋ ਕਾਂਸਿ ਬ੍ਰਾਸੰ"
"ਘਨੇ ਬਰਖ ਕੀਨੋ ਤਹਾਹੀ ਨਿਵ੍ਰਾਸੰ"

(ਬਚਿਤ੍ਰ ਨਾਟਕ ਧਿਆਇ ਤੀਸਰਾ)

ਏਹੋ ਬ੍ਰਹਮ ਅਭਿਆਸੀ ਉਸ ਸਮੇਂ ਤੋਂ ਵੇਦ ਪਠਿਨ ਕਰਨ ਕਰਕੇ ਬੇਦੀ ਕਹਿਲਾਉਣ ਲਗ ਪਏ। "ਜਿਨੈ ਬੇਦ ਪੱਠਿਯੋ ਸੁ ਬੇਦੀ ਕਹਾਏ। ਤਿਨੈ ਧਰਮ ਕੇ ਕਰਮ ਨੀਕੇ ਚਲਾਏ॥

ਉਧਰ ਲਵੂ ਦੀ ਵੰਸ ਵਿਚੋਂ ਵਿਜੇ ਰਾਇ ਸੋਢੀ ਦੀ ਕੁਲ ਤੋਂ ਮੁਲਕ ਰਾਇ ਨਾਮ ਦਾ ਰਾਜਾ ਹੋਇਆ ਹੈ। ਇਹ ਰਾਜਾ ਬਹੁਤ ਧਰਮੀ ਹੋਇਆ ਹੈ। ਵੇਦ ਵਿਦਿਆ ਦਾ ਬਹੁਤ ਇਛਿਆਵਾਨ ਸੀ ਤੇ ਇਸਨੇ ਪਿਛਲਾ ਵੈਰ ਭਾਵ ਸਭ ਵਿਸਾਰ ਦਿਤਾ। ਬੇਦੀਆਂ ਪਾਸ ਜਾਕੇ ਰਾਜਾ ਮੁਲਕ ਰਾਇ ਨੇ ਬੜੇ ਪ੍ਰੇਮ ਤੇ ਵੈਰਾਗ ਨਾਲ ਵੇਦ ਪਾਠ ਸੁਣਿਆ। ਬੇਦੀਆਂ ਨੇ ਬੜੇ ਪ੍ਰੇਮ ਤੇ ਸੁਰਾਂ ਨਾਲ ਅਤੇ ਉਤਮ ਰੀਤੀ ਅਨੁਸਾਰ ਵੇਦਾਂ ਦਾ ਪਾਠ ਸੁਣਾਇਆ। ਉਹ ਰਾਜਾ ਵੇਦਾਂ ਦਾ ਪਾਠ ਸੁਣਕੇ ਸੰਸਾਰ ਤੋਂ ਉਦਾਸ ਹੋਕੇ ਵਿਰਕਤ ਬਣ ਗਿਆ ਤੇ ਰਾਜ ਪਾਟ ਦਾ ਪੂਰਨ ਅਧਿਕਾਰ ਬੇਦੀਆਂ ਨੂੰ ਦੇ ਦਿਤਾ। ਬੇਦੀ ਬੜੇ ਪਰਸੰਨ ਹੋਏ ਤੇ ਉਤਮ ਵਰ ਸੋਢੀਆਂ ਨੂੰ ਦਿਤਾ

Digitized by Panjab Digital Library | www.panjabdigilib.org

"ਬੰਦੀ ਭਯੋ ਪਰਸੰਨ ਰਾਜ ਕਹ ਪਾਇਕੈ। ਦੇਤ ਭਯੋ ਬਰਦਾਨ ਹੀਐ ਹੁਲਸਾਇਕੈ"। ਜਬ ਨਾਨਕ ਕਲ ਮੈਂ ਹਮ ਆਨ ਕਹਾਇ ਹੈ। ਹੋ ਜਗਤ ਪੂਜ ਕਰਿ ਤੋਹਿ ਪਰਮ ਪਦ ਪਾਇ ਹੈ" ਅਥਵਾ ਜਦ ਸੋਢੀ ਰਾਜੇ ਮੁਲਕ ਰਾਇ ਨੇ ਤਿੰਨ ਵੇਦਾਂ ਦਾ ਪਾਠ ਸੁਣ ਲਿਆ ਤਾਂ ਤੇ ਚੌਥੇ ਵੇਦ ਦਾ ਪਾਠ ਸੁਣ ਚੁਕਾ ਤਾਂ ਉਹ ਵਰਦਾਨ ਬੇਦੀਆਂ ਨੇ ਫੇਰ ਇਸ ਪ੍ਰਕਾਰ ਦਿਤਾ :-

"ਤ੍ਰਿਤੀਯ ਬੇਦ ਸੁਨਬੋ ਤੁਮ ਕੀਆ।
"ਚਤੁਰ ਬੇਦ ਸੁਨ ਭੂਅ ਕੋ ਦੀਆ।
ਤੀਨ ਜਨਮ ਹਮ ਹੂੰ ਜਬ ਧਰਿ ਹੈ।
ਚੌਥੇ ਜਨਮ ਗੁਰੂ ਤੋਹਿ ਕਰਿ ਹੈ।"

(ਬਚਿਤ੍ਰ ਨਾਟਕ ਧਿਆਉ ਦੂੰਬਾ)

ਖੋਜ ਕਰਨ ਤੋਂ ਇਹ ਵੀ ਪਤਾ ਲਗਦਾ ਹੈ ਕਿ ਰਾਜਾ ਭੋਜ ਵੀ ਬੇਦੀ ਵੰਸ ਵਿਚੋਂ ਸੀ। ਇਸ ਦਾ ਰਾਜ ਮੁਹੰਮਦ ਗਜ਼ਨਵੀ ਦੇ ਹਮਲੇ ਕਰਕੇ ਉਸ ਦੀ ਸੰਤਾਨ ਪਾਸੋਂ ਖੁਸ ਗਿਆ ਸੀ। ਲਾਹੌਰ ਦੇ ਕੋਲ ਕਾਲ ਦੇ ਇਲਾਕੇ ਭਟੀਆਂ ਨਾਮ ਦੇ ਗ੍ਰਾਮ ਵਿਚ ਬੇਦੀਆਂ ਨੇ ਆਪਣੀ ਜੀਵਕਾ ਲਈ ਅਜਬਾਨ ਮਲ ਲਏ। ਇਨ੍ਹਾਂ ਦੀ ਵੰਸ ਵਿਚੋਂ ਭਟੀਆਂ ਗ੍ਰਾਮ ਦਾ ਨਿਵਾਸੀ ਰਾਮ ਨਾਰਾਇਣ ਨਾਮ ਦਾ ਬੇਦੀ ਖਤਰੀ ਹੋਇਆ, ਜਿਸਦਾ ਪੁਤਰ ਸ਼ਿਵਰਾਮ ਦਾਸ ਸੀ। ਸ਼ਿਵਰਾਮ ਦਾਸ ਦੇ ਸਪੁਤਰ ਹੋਏ ਮਹਿਤਾ ਕਲਿਆਣ ਦਾਸ ਜਿਨ੍ਹਾਂ ਦਾ ਜਨਮ ੧੪੯੨ ਬਿ: ਵਿਚ ਤੇ ਦੂਸਰਾ ਪੁਤਰ ਲਾਲ ਚੰਦ ਜਿਸ ਦਾ ਜਨਮ ੧੫੦੦ ਬਿ: ਵਿਚ ਹੋਇਆ। ਮਹਿਤਾ ਕਲਿਆਣ ਦਾਸ ਸ਼ਹਿਰ ਤਲਵੰਡੀ ਆਣ ਵਸੇ ਸਨ। ਰਾਇ ਬੁਲਾਰ ਜੋ ਸ਼ਹਿਰ ਤਲਵੰਡੀ ਦਾ ਹਾਕਮ ਸੀ। ਇਸਦੇ ਪ੍ਰਬੰਧ ਵਿਚ ਮਹਿਤਾ ਕਲਿਆਣ ਦਾਸ ਜੀ ਪਟਵਾਰੀ ਦਾ ਕੰਮ ਕਰਦੇ ਸਨ। ਇਹ ਰਾਇ ਬੁਲਾਰ ਪਠਾਨ ਤੇ ਲੋਧੀ ਖਾਨਦਾਨ ਵਿਚੋਂ ਸੀ। ਉਸ ਸਮੇਂ ਰਾਇ ਬੁਲਾਰ ਦਾ ਆਪਣੇ ਇਲਾਕੇ ਵਿਚ ਕਾਫੀ ਬੋਲਬਾਲਾ ਸੀ। ਬਹਿਲੋਲ ਲੋਧੀ

Digitized by Panjab Digital Library | www.panjabdigilib.org

ਸਤਿਜੁਗਿ ਤੈ ਮਾਣਿਓ ਛਲਿਓ
ਬਲਿ ਬਾਵਨ ਭਾਇਓ।
ਤ੍ਰੇਤੈ ਤੈ ਮਾਣਿਓ,
ਰਾਮ ਰਘੁਵੰਸ ਕਹਾਇਓ।

ਦੁਆਪੁਰਿ ਕ੍ਰਿਸ਼ਨ ਮੁਰਾਰਿ
ਕੰਸੁ ਕਿਰਤਾਰਥੁ ਕੀਓ।
ਉਗ੍ਰਸੈਨ ਕਉ ਰਾਜੁ
ਅਭੈ ਭਗਤਹ ਜਨ ਦੀਓ।



ਕਲਿਜੁਗਿ ਪ੍ਰਮਾਣੁ ਨਾਨਕ ਗੁਰ ਅੰਗਦੁ ਅਮਰੁ ਕਹਾਇਓ।
ਸ੍ਰੀ ਗੁਰੂ ਰਾਜ ਅਬਿਚਲ ਅਟਲੁ ਆਦਿ ਪੁਰਖਿ ਫੁਰਮਾਇਓ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਬਾਦਸ਼ਾਹੀ ਕਰ ਰਿਹਾ ਸੀ। ਇਸ ਬਾਦਸ਼ਾਹੀ ਸਮੇਂ ਮਹਿਤਾ ਕਲਿਆਨ ਦਾਸ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁਖ ਤੋਂ ੧੫੨੬ ਬਿਕਰਮੀ ਦੀ ਕਤਕ ਪੂੰਨਿਆ ਵਾਲੀ ਚਾਰ ਘੜੀ ਰਾਤ ਰਹਿੰਦੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ। ਸ਼ਹਿਰ ਤਲਵੰਡੀ ਜਿਲਾ ਸ਼ੇਖੂਪੁਰ ਪੁਰਾਤਨ ਨਾਮ ਸ਼ਕਰਪੁਰ ਲਾਹੌਰ ਸੂਬੇ ਵਿਚ ਹੋਇਆ ਸੀ।

ਸਿਖ ਇਤਿਹਾਸ ਅੰਦਰ ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਹੋਣ ਦੇ ਸਮੇਂ ਦਾ ਬਹੁਤ ਮਤ ਭੇਦ ਹੈ। ਕਈਆਂ ਦਾ ਕਥਨ ਹੈ ਕਿ ਵੈਸਾਖ ਸੁਦੀ ਤੀਜ ਨੂੰ ਤੇ ਕਈਆਂ ਦਾ ਕਥਨ ਹੈ ਕਤਕ ਦੀ ਪੂਰਨਮਾਸ਼ੀ ਨੂੰ ਅਵਤਾਰ ਧਾਰਨ ਹੋਇਆ ਹੈ। ਲੇਖਕ ਦੀ ਇਕ ਪਖੀ ਰਾਇ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਕਬਿਤ ਨੰ: ੩੪੫ ਦੁਆਰਾ ਇਹੋ ਪਰਤੀਤ ਹੁੰਦਾ ਹੈ ਕਿ ਠੀਕ ਕਤਕ ਦੀ ਪੂੰਨਿਆਂ ਨੂੰ ਹੀ ਅਵਧਾਰ ਧਾਰਿਆ ਹੈ। ਉਹ ਲਿਖਦੇ ਹਨ :—

"ਕਾਰਤਕ ਮਾਸ ਰੁਤਿ ਸਰਦ ਪੂਰਨਮਾਸੀ,
ਆਠ ਜਾਮ ਸਾਠ ਘਰੀ ਆਜ ਤੇਰੀ ਬਾਰੀ ਹੈ।
ਔਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੈ,
ਰੂਪ ਗੁਨ ਜੋਬਨ ਸਿੰਗਾਰ ਅਧਿਕਾਰੀ ਹੈ।
ਚਾਤਕ ਚਤੁਰ ਪਾਠ ਸੇਵਕ ਸਹੇਲੀ ਸਾਠ,
ਸੰਪਤਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ।
ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ,
ਜੀਵਨ ਜਨਮ ਧੰਨ ਪ੍ਰੀਤਮ ਪਿਆਰੀ ਹੈ।

Digitized by Panjab Digital Library | www.panjabdigilib.org

# ਹਰ ਕੰਮ ਉਲਟਾ

ਸ੍ਰ: ਵਿਧਾਤਾ ਸਿੰਘ ਜੀ "ਤੀਰ" ਅੰਮ੍ਰਿਤਸਰ।

ਪੈ ਪੈ ਭਰਮ. ਭੁਲੇਖੇ ਅੰਦਰ, ਜਦੋਂ ਲੁਕਾਈ ਉਲਟੀ।
ਭੁੱਲ ਖੁਦਾ ਨੂੰ ਵਿਚ ਖੁਦੀ ਦੇ ਜਦੋਂ, ਖ਼ੁਦਾਈ ਉਲਟੀ।
ਤਦ ਨਾਨਕ ਦੁਨੀਆਂ ਤੇ ਆਇਆ, ਕੰਮ ਕੀਤੇ ਉਸ ਉਲਟੇ,
ਉਸਨੇ ਆਕੇ ਜੱਗ ਦੇ ਅੰਦਰ, ਚਾਲ ਚਲਾਈ ਉਲਟੀ।

---

ਜਨਮ ਪੀੜ ਵਿਚ ਰੋਵਣ ਬੱਚੇ, ਪਰ ਨਾਨਕ ਮੁਸਕਾਇਆ।
ਕੌਤਕ ਵੇਖ ਦੌਲਤਾਂ ਦਾਈ, ਤ੍ਰਿਪਤਾਂ ਨੂੰ ਸਮਝਾਇਆ।
ਇਹ ਬੱਚਾ ਹੈ ਬੜਾ ਅਨੋਖਾ, ਚਿਹਰਾ ਇਦਾ ਨੂਰਾਨੀ,
ਥਾਂ ਰੋਣ ਦੀ ਦੁਨੀਆਂ ਉਤੇ, ਉਲਟਾ ਹੈ ਮੁਸਕਾਇਆ।

---

ਜਦੋਂ ਪਿਤਾ ਨੇ ਪਹਿਲੇ ਉਸਨੂੰ, ਪੜ੍ਹਨੇ ਪਾਇਆ ਜਾ ਕੇ।
ਉਲਟਾ ਅਗੋਂ ਪੜ੍ਹਾਉਣ ਲੱਗਾ, ਪਾਂਧੇ ਨੂੰ ਸਮਝਾ ਕੇ।
ਅਰਥ ਉਨ੍ਹੂੰ ਪੈਂਤੀ ਦੇ ਦੱਸੇ, ਗਿਣ ਗਿਣ ਪੈਂਤੀ ਵਾਰੀ,
ਪੜ੍ਹਨ ਗਿਆ ਸੀ ਘਰ ਤੋਂ ਮੁੜਿਆ, ਉਲਟਾ ਸਬਕ ਸਿਖਾ ਕੇ।

---

ਫਿਰ ਕਾਲੂ ਪੰਡਤ ਲੈ ਆਇਆ, ਤਾਕਿ ਫਰਜ ਨਿਭਾਵੇ।
ਪੜ੍ਹ ਮੰਤਰ ਨਾਨਕ ਦੇ ਗਲ ਵਿਚ, ਆਪ ਜਨੇਉ ਪਾਵੇ।
ਨਾਨਕ ਦਇਆ ਕਪਾਹ ਦਾ ਜੰਞੂ, ਉਲਟਾ ਉਸਨੂੰ ਪਾਇਆ,

Digitized by Panjab Digital Library | www.panjabdigilib.org

ਪੰਡਤ ਪਾਣੀ ਪਾਣੀ ਹੋਇਆ, ਪਰ ਨਾਨਕ ਮੁਸਕਾਵੇ।

————

ਕਾਲੂ ਕਿਹਾ ਰੁਪਈਏ ਵੀਹ ਦੇ, ਜਾ ਕਰ ਬੱਚਾ ਸੌਦਾ।
ਨਾਨਕ ਸੋਚੇ ਕਰਨਾ ਨਹੀਂ ਮੈਂ, ਝੂਠਾ ਕਚਾ ਸੌਦਾ।
ਰਜਿਆਂ ਤਾਈਂ ਰਜਾਣਾ ਔਗੁਣ, ਧਰਮ ਭੁਖੇ ਮੂੰਹ ਪਾਣਾ,
ਇਹ ਸੋਚ ਕੇ ਸੰਤ ਰਜਾਏ, ਕੀਤਾ ਸੱਚਾ ਸੌਦਾ।

————

ਜਦੋਂ ਪਹੁੰਚਿਆ ਮਕੇ ਨਾਨਕ, ਦੇਸ਼ ਦੇਸ਼ਾਂਤਰ ਭੌਂ ਕੇ।
ਲੱਤਾਂ ਕਰ ਕਾਅਬੇ ਵਲ ਸੁਤਾ, ਵੇਖ ਮਜਾਵਰ ਚੌਂਕੇ।
ਉਲਟੀ ਕਾਰ ਉਥੇ ਵੀ ਕੀਤੀ, ਸ਼ਰਾ ਸ਼ਰੀਅਤ ਨਾਲੋਂ,
ਮਕਾ ਚਾਰ ਚੁਫੇਰ ਵਿਖਾਇਆ, ਉਲਟੇ ਪਾਸੇ ਸੌਂ ਕੇ।

————

ਹਰ ਕੀ ਪਉੜੀ ਤੋਂ ਉਸ ਸੁਟਿਆ, ਪਾਣੀ ਉਲਟੇ ਪਾਸੇ।
ਦੁਨੀਆਂ ਵੇਖ ਉਦੇ ਵਲ ਉਲਟੀ, ਕਰਦੀ ਠੱਠੇ ਹਾਸੇ।
ਉਲਟਾ ਨਾਨਕ ਵੇਖ ਉਨ੍ਹਾਂ ਨੂੰ, ਹਸਿਆ ਤੇ ਮੁਸਕਾਇਆ,
ਪਿੱਤਰ ਲੋਕ ਦਾ ਪਾਜ ਖੋਲ੍ਹਿਆ, ਉਸ ਜੁਗਤੀ—ਭਰਵਾਸੇ।

————

ਜਦੋਂ ਗ੍ਰਹਿਣ ਲੱਗਾ ਸੂਰਜ ਨੂੰ, ਉਲਟੀ ਵਰਤੀ ਵਿੱਧੀ।
ਲੋਕੀ ਨਾਣ੍ਹ ਧੋਣ ਪੁੰਨ ਕਰਦੇ, ਨਾਨਕ ਮੱਛੀ ਰਿੱਧੀ।
ਉਲਟਾ ਕੰਮ ਵੇਖ ਨਾਨਕ ਦਾ, ਚੜ੍ਹ ਆਈ ਪੰਡਤਾਈ,
ਪਰ ਨਾਨਕ ਨੇ ਉੱਲਟਾ ਚਲਕੇ, ਦੁਨੀਆਂ ਕੀਤੀ ਸਿਧੀ।

Digitized by Panjab Digital Library | www.panjabdigilib.org

ਕਿਹਾ ਮਛੰਦਰ ਦਸ ਨਾਨਕਾ, ਕਰਮ ਕਮਾ ਇਹ ਇਹ ਕੀ ?
ਛਡ ਕੇ ਗ੍ਰਸਤ ਗ੍ਰਸਤ ਫਿਰ ਲੀਤਾ, ਵੇਸ ਵਟਾਇਆ ਇਹ ਕੀ ?
ਨੀਵਾਂ ਗ੍ਰਸਤ ਤਿਆਗ ਉਚੇਰਾ, ਸੁਣ ਨਾਨਕ ਗੁਰੂ ਬੋਲੇ,
ਫੇਰ ਮਛੰਦਰਾ ਘਰ ਮੰਗੇਂ, ਨਹੀਂ ਸਰਮਾਇਆ ਇਹ ਕੀ ?

———

ਵੇਖ ਆਰਤੀ ਮੂਰਤੀਆਂ ਦੀ, ਨਾਨਕ ਦਿਲੋਂ ਵਿਚਾਰੇ।
ਨਿਰਜਿੰਦ ਮੂਰਤ ਨੂੰ ਕਿਉਂ ਪੂਜਨ, ਜੀਵਨ ਦੇ ਚੰਨ ਤਾਰੇ।
ਉਨੇ ਆਰਤੀ ਕੀਤੀ ਉਲਟੀ, ਜੋਤ ਦੀ ਜੋਤ ਜਗਾਈ,
ਜਿਤਿਆ ਨਾਨਕ ਉਲਟਾ ਚਲਕੇ, ਪਸੇ ਪੰਡਤ ਹਾਰੇ।

———

ਦੁਨੀਆਂ ਕਰਦੀ ਧਨ ਦੀ ਪੂਜਾ, ਦਿਲੋਂ ਧਨੀ ਨੂੰ ਪੂਜੇ।
ਨਾਨਕ ਦਿਲੋਂ ਗਰੀਬੀ ਪੂਜੇ, ਟੁਰ ਉਲਟੇ ਰਾਹ ਦੂਜੇ।
ਉਨੇ ਕਿਹਾ ਅਨਹੋਣੀ ਗਲ ਹੈ, ਧਰਮ ਧਨੀ ਵਿਚ ਹੋਣਾ,
ਧਨ ਨਹੀਂ ਜੁੜਦਾ ਪਾਪਾਂ ਬਾਝੋਂ, ਹਾਥੀ ਪਏ ਨਾ ਕੂਜੇ।

———

ਹਰ ਕੰਮ ਉਲਟਾ ਕੀਤਾ ਨਾਨਕ, ਰੀਤ ਪੁਰਾਣੀ ਰੱਦੀ।
ਵਿਰਸਾ ਨਾ ਲਵਾਵਣ ਵੇਲੇ, ਸਭ ਸੇਵਕੀ ਸੱਦੀ।
ਦੁਨੀਆਂ ਬਿਟ ਬਿਟ ਤਕਦੀ ਰਹਿ ਗਈ, ਵੇਖੇ ਵਿਚ ਹੈਰਾਨੀ,
ਦੋਵੇਂ ਪੁਤਰ ਫਾਡੀ ਰਹਿ ਗਏ, ਲਹਿਣਾ ਲੈ ਗਿਆ ਗੱਦੀ।

———

ਵਾਹ ਮੇਰੇ ਸਤਿਗੁਰੂ ਉਲਟਿਆ, ਵਾਹ ਓਏ ਮੇਰਿਆ ਮਾਹੀਆ।
ਵਾਹ ਕਰਤੇ ਦੇ ਕਾਮਲ ਕਵੀਆ, ਵਾਹ ਅਣਥਕ ਉਤਸ਼ਾਹੀਆ।
ਰਾਹੋਂ ਭੁਲਿਆਂ ਨੂੰ ਰਾਹ ਪਾਣਾ "ਤੀਰ" ਧਰਮ ਸੀ ਤੇਰਾ,
ਪਾਇਆ ਰਾਹ ਜਿਨ੍ਹਾਂ ਨੂੰ ਉਹਨਾਂ, ਤੈਨੂੰ ਕਿਹਾ ਕੁਰਾਹੀਆ।

Digitized by Panjab Digital Library | www.panjabdigilib.org

# ੴ ਪਰਥਾਏ ਸਾਖੀ ਮਹਾਂਪੁਰਖ ਬੋਲਦੇ ੴ

ਸ੍ਰ: ਸਰਮੁਖ ਸਿੰਘ ਜੀ "ਅਮੋਲ" ਐਮ. ਏ. ਪ੍ਰਿੰਸੀਪਲ।

ਪੁਰਾਤਨ ਕਾਲ ਤੋਂ ਗੁਰਸਿੱਖਾਂ ਵਿਚ ਜਨਮ ਸਾਖੀਆਂ ਅਤੇ ਇਤਿਹਾਸ ਵਿਚ ਆਈਆਂ ਸਾਖੀਆਂ ਸੁਣਨ, ਪੜ੍ਹਨ ਅਤੇ ਸੁਨਾਉਣ ਦਾ ਰਿਵਾਜ ਤੁਰਿਆ ਆਉਂਦਾ ਹੈ। ਇਸ ਗਲ ਵਲ ਅਸਾਂ ਘਟ ਹੀ ਧਿਆਨ ਦਿਤਾ ਹੈ ਕਿ ਸਾਖੀ ਦਾ ਅਸਲ ਭਾਵ ਕੀ ਹੈ?

ਸਾਖੀ ਦਾ ਸ਼ਬਦ ਅਰਥ ਗਵਾਹੀ ਹੈ। ਮਹਾਂਪੁਰਸ਼ਾਂ ਦੇ ਜੋ ਕੰਮ ਹੁੰਦੇ ਹਨ ਤੇ ਜੋ ਬਚਨ ਉਹ ਬੋਲਦੇ ਹਨ ਉਹ ਉਨ੍ਹਾਂ ਦੇ ਆਪਣੇ ਲਈ ਨਹੀਂ ਹੁੰਦੇ ਸਗੋਂ ਉਹ ਸਰਬੱਤ ਦੇ ਭਲੇ ਲਈ ਹੁੰਦੇ ਹਨ। ਇਸੇ ਲਈ ਗੁਰੂ ਸਾਹਿਬ ਜੀ ਨੇ ਕਿਹਾ ਹੈ:—

ਪਰਥਾਏ ਸਾਖੀ ਮਹਾਂਪੁਰਖ ਬੋਲਦੇ,
ਸਾਂਝੀ ਸਗਲ ਜਹਾਨੇ ।

ਸਪਸ਼ਟ ਹੈ ਕਿ ਭਾਵੇਂ ਇਹ ਸਾਖੀਆਂ ਜਾਂ ਕਥਾਵਾਂ ਕਿਸੇ ਇਕ ਮੌਕੇ ਉਤੇ ਅਤੇ ਕਿਸੇ ਇਕ ਪੁਰਸ਼ ਨਾਲ ਹੋਈਆਂ ਹੁੰਦੀਆਂ ਹਨ, ਪਰ ਅਸਲ ਵਿਚ ਉਹ ਸਾਰੇ ਜਹਾਨ ਲਈ ਅਤੇ ਸਦਾ ਲਈ ਸਾਂਝੀਆਂ ਹੁੰਦੀਆਂ ਹਨ।

ਦ੍ਰਿਸ਼ਟਾਂਤ ਵਜੋਂ ਜੇ ਗੁਰੂ ਨਾਨਕ ਸਾਹਿਬ ਜੀ ਨੇ ਹਰਦੁਆਰ ਵਿਚ ਜਾ ਕੇ ਪੱਛਮ ਵਲ ਪਾਣੀ ਸੁਟਿਆ ਤਾਂ ਉਹ ਕੇਵਲ ਕਿਸੇ ਇਕ ਪੰਡਿਤ ਜਾਂ ਦਸ ਵੀਹ ਯਾਤਰੀਆਂ ਲਈ ਨਹੀਂ ਸੀ ਸਗੋਂ ਸਾਰੇ ਜਹਾਨ ਨੂੰ ਇਹ ਸਮਝਾਉਣ ਲਈ ਸੀ ਕਿ ਨਿਰੇ ਵਹਿਮਾਂ ਵਿਚ ਫਸਕੇ ਹੀ ਰਸਮਾਂ ਨੂੰ ਅੰਧਾ ਧੁੰਧ ਨਹੀਂ ਤੋਰੀ ਜਾਣਾ ਚਾਹੀਦਾ, ਸਗੋਂ ਅਸਲੀਅਤ ਸਮਝਣੀ ਚਾਹੀਦੀ ਹੈ। ਇਹ ਸੱਚ ਸਦਾ ਲਈ ਤੇ ਸਭ ਲਈ

Digitized by Panjab Digital Library | www.panjabdigilib.org

ਸਾਂਝਾ ਹੈ।

ਇਸ ਲਈ ਸਾਡਾ ਭਾਵ ਇਹ ਹੈ ਕਿ ਸਾਨੂੰ ਜਨਮ ਸਾਖੀਆਂ ਵਿਚ ਆਈਆਂ ਸਾਖੀਆਂ ਨੂੰ ਨਿਰੀਆਂ ਘਟਨਾਵਾਂ ਜਾਂ ਕਿਸੇ ਇਕ ਮੌਕੇ ਉਤੇ ਕਿਸੇ ਇਕ ਪੁਰਸ਼ ਨਾਲ ਬੀਤੀ ਘਟਨਾ ਉਤੇ ਸੀਮਤ ਨਹੀਂ ਕਰ ਦੇਣਾ ਚਾਹੀਦਾ ਸਗੋਂ ਉਨ੍ਹਾਂ ਦਾ ਚੌੜਾ ਅਧਿਆਤਮਕ ਅਤੇ ਸਾਮਾਜਿਕ ਖੇਤਰ ਆਪਣੀਆਂ ਅੱਖਾਂ ਸਾਹਮਣੇ ਰਖਣਾ ਚਾਹੀਦਾ ਹੈ।

ਇਹ ਵਿਚਾਰ ਜਾਂ ਯਤਨ, ਨਵਾਂ ਨਹੀਂ। ਇਨ੍ਹਾਂ ਸਤਰਾਂ ਦਾ ਲੇਖਕ ਇਹ ਦਾਹਵਾ ਨਹੀਂ ਕਰ ਸਕਦਾ ਕਿ ਉਸਨੇ ਪਹਿਲੀ ਵਾਰ ਅਜੇਹਾ ਸੋਚਿਆ ਹੈ। ਜਨਮਸਾਖੀ ਵਿਚ ਅਤੇ ਗੁਰੂ ਜੀ ਦੇ ਇਤਿਹਾਸਾਂ ਵਿਚ, ਥਾਂ ਥਾਂ ਉਤੇ ਗੁਰਬਾਣੀ ਦੀਆਂ ਤੁਕਾਂ ਤੇ ਸ਼ਬਦ ਆਉਣੇ ਭੀ ਇਸ ਗਲ ਦਾ ਦ੍ਰਿਸ਼ਟਾਂਤ ਹਨ ਅਤੇ ਪ੍ਰਤਖ ਪ੍ਰਮਾਣ ਹਨ ਕਿ ਇਹ ਸਾਖੀਆਂ ਬਾਣੀ ਵਿਚ ਆਏ "ਸਾਧ ਬਚਨ ਅਟਲਾਧਾ" ਦੀ ਪੁਸ਼ਟੀ ਅਤੇ ਪ੍ਰੋੜਤਾ ਲਈ ਹਨ।

ਕਈਂ ਥਾਈਂ ਤਾਂ ਇਹ ਗਲ ਹੋਰ ਵੀ ਪਰਤੱਖ ਹੈ ਅਤੇ ਅਨੇਕਾਂ ਸਿਖ ਵਿਦਵਾਨ ਏਥੋਂ ਤੱਕ ਸੋਚਣ ਲਗ ਪਏ ਹਨ ਕਿ ਕਈ ਸਾਖੀਆਂ ਸ਼ਾਇਦ ਸ਼ਬਦਾਂ ਨੂੰ ਸਾਹਮਣੇ ਰੱਖ ਕੇ ਪਿਛੋਂ ਬਣਾਈਆਂ ਗਈਆਂ ਹਨ।

ਸੰਭਵ ਹੈ ਕਿਸੇ ਇਤਿਹਾਸਕਾਰ ਨੇ ਕੁਝ ਯਤਨ ਅਜੇਹਾ ਕੀਤਾ ਹਵੇ ਪਰ ਇੰਜ ਅਸੀਂ ਆਪਣੇ ਪੁਰਾਤਨ ਇਤਿਹਾਸ ਨੂੰ ਜਿਸ ਲਈ ਸਾਡੇ ਪਾਸ ਲੋੜ ਤੋਂ ਵਧੀਕ ਪ੍ਰਮਾਣ ਅਤੇ ਸਬੂਤ ਹਨ, ਦਲੀਲਾਂ ਹਨ, ਅਸੀਂ ਝੁਠਲਾ ਨਹੀਂ ਸਕਦੇ। ਭਾਈ ਗੁਰਦਾਸ ਜੀ ਜਹੀਆਂ ਪੂਜਨੀਕ ਹਸਤੀਆਂ ਅਤੇ ਉਸ ਸਮੇਂ ਦੇ ਲਿਖੇ ਇਤਿਹਾਸਾਂ ਨੂੰ ਅਤੇ ਭਾਈ ਮਨੀ ਸਿੰਘ ਜੀ ਅਤੇ ਹੋਰ ਸਮਕਾਲੀਆਂ ਦੀਆਂ ਲਿਖੀਆਂ ਘਟਨਾਵਾਂ ਨੂੰ ਅਸੀਂ ਕਿਵੇਂ ਗਲਤ ਸਮਝ ਲਈਏ?

ਇਸੇ ਵਿਚਾਰ ਦਾ ਇਕ ਹੋਰ ਪੱਖ ਵੀ ਹੈ। ਜਿਵੇਂ ਉਪਰ ਕਿਹਾ ਹੈ ਕਿ ਇਹ ਲੇਖਕ ਇਹ ਯਤਨ ਪਹਿਲੀ ਵਾਰ ਨਹੀਂ ਕਰ ਰਿਹਾ।

Digitized by Panjab Digital Library | www.panjabdigilib.org

ਇਤਿਹਾਸਕਾਰਾਂ ਨੇ ਵੀ ਵਿਸ਼ੇਸ਼ ਕਰਕੇ ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਆਦਿ ਨੇ ਇਨ੍ਹਾਂ ਸਾਖੀਆਂ ਵਿਚੋਂ ਕਈਆਂ ਸਾਖੀਆਂ ਵਿਚ ਵਡੇਰੇ ਵਿਸ਼ਾਲ ਵਿਚਾਰ ਵਿਅਕਤ ਕੀਤੇ ਹਨ ਅਤੇ ਉਸ ਤੋਂ ਪਿਛੋਂ ਅਨੇਕ ਵਿਦਵਾਨਾਂ ਨੇ ਵੀ ਇਹ ਦ੍ਰਿਸ਼ਟੀਕੋਨ ਅਪਣਾਇਆ ਹੈ। ਨਵੀਨ ਸਮੇਂ ਵਿਚ ਤਾਂ ਹੋਰ ਭੀ ਵਧੇਰੇ ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ।

ਸਾਡਾ ਭਾਵ ਇਹ ਹੈ ਕਿ ਇਤਿਹਾਸ ਤੇ ਜਨਮ ਸਾਖੀਆਂ ਨੂੰ ਵਿਚਾਰਦਿਆਂ ਹੋਇਆਂ ਸਾਨੂੰ ਇਨ੍ਹਾਂ ਸਾਖੀਆਂ ਦੇ ਅੰਤਰੀਵ ਗੂੜ੍ਹੇ ਅਤੇ ਵਿਸ਼ਾਲ ਭਾਵ ਨੂੰ ਜਰੂਰ ਉਘਾੜਨਾ ਚਾਹੀਦਾ ਹੈ ਅਤੇ ਉਸ ਨਿਖਰੇ ਰੂਪ ਵਿਚ ਇਨ੍ਹਾਂ ਸਾਖੀਆਂ ਨੂੰ ਸਮਝਣ ਸਮਝਾਉਣ ਦੀ ਲੋੜ ਹੈ।

ਇਥੇ ਕੋਈ ਅੰਤਮ ਫੈਸਲਾ ਨਹੀਂ ਦਿਤਾ ਜਾ ਸਕਦਾ ਸਗੋਂ—

ਆਪ ਆਪਨੀ ਬੁਧ ਹੈ ਜੇਤੀ।
ਬਰਣਤ ਭਿੰਨ ਭਿੰਨ ਤੋਹਿ ਤੇਤੀ।

ਦੇ ਕਥਨ ਅਨੁਸਾਰ ਆਪਣੀ ਆਪਣੀ ਪਹੁੰਚ ਤੱਕ ਹੀ ਇਨ੍ਹਾਂ ਸਾਖੀਆਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ ਅਤੇ ਕੀਤੀ ਜਾਂਦੀ ਰਹੀ ਹੈ। ਸੱਚੇ ਸੌਦੇ ਦੀ ਸਾਖੀ ਕਿਤਨੀ ਪ੍ਰਤੱਖ ਹੈ ਅਤੇ ਉਸ ਉਤੇ ਅਜੇ ਤੱਕ ਸ਼ਾਇਦ ਕੋਈ ਦੋ ਰਾਵਾਂ ਨਹੀਂ, ਕੇਵਲ ਸ਼ਬਦਾਂ ਦਾ ਫਰਕ ਪੈਂਦਾ ਹੈ। ਗਲ ਤਾਂ ਉਹੋ ਹੀ ਕੱਢੀ ਜਾਂਦੀ ਹੈ ਕਿ ਲੋੜਵੰਦ ਨੂੰ ਦੇਣਾ ਹੀ ਸਭ ਤੋਂ ਖਰਾ ਸੌਦਾ ਹੈ। ਇੰਜ ਹੀ ਦੁਨੀਚੰਦ ਦੇ ਸਰਾਧ ਵਾਲੀ ਸਾਖੀ ਅਤੇ ਕੁਰਕਸ਼ੇਤਰ ਵਿਚ ਜਾ ਕੇ ਗੁਰੂ ਸਾਹਿਬ ਜੀ ਦੇ ਮਾਸ ਧਰਨ ਵਾਲੀ ਸਾਖੀ ਪ੍ਰਤੱਖ ਹਨ। ਇਨ੍ਹਾਂ ਵਿਚ ਗੁਰੂ ਸਾਹਿਬ ਨੇ, ਕਰਮਵਾਰ, ਸਰਾਧਾਂ ਅਤੇ ਗ੍ਰਹਿਣ ਸੰਬੰਧੀ ਭਰਮ ਤੋੜਨ ਦਾ ਯਤਨ ਕੀਤਾ ਹੈ। ਫਿਰ ਕਹਾਂ, ਕਿ ਇਹ ਦੋਵੇਂ ਵਿਚਾਰ ਕੇਵਲ ਦੁਨੀਚੰਦ ਤੇ

Digitized by Panjab Digital Library | www.panjabdigilib.org

ਕੁਰਕਸ਼ੇਤਰ ਲਈ ਨਹੀਂ, ਸਗੋਂ ਸਰਬੱਤ ਸੰਸਾਰ ਲਈ ਤੇ ਸਦਾ ਲਈ ਅੱਟਲ ਅਤੇ ਜ਼ਰੂਰੀ ਹਨ।

ਆਸ ਹੋ ਸਕਦੀ ਹੈ ਕਿ ਉਪ੍ਰੋਕਤ ਸ਼ਬਦਾਂ ਨਾਲ ਮੈਂ ਆਪਣਾ ਭਾਵ ਦੱਸ ਸਕਿਆ ਹਾਂ ਕਿ ਸਾਖੀਆਂ ਨੂੰ ਇਨ੍ਹਾਂ ਦੇ ਅੰਦਰ ਲੁਕੇ, ਗੁਰੂ ਜੀ ਦੇ ਪ੍ਰਚਾਰੇ, ਗੁਰਬਾਣੀ ਅਨੁਸਾਰ ਦੱਸੇ ਵਿਚਾਰਾਂ ਦੇ ਦ੍ਰਿਸ਼ਟੀਕੋਣ ਤੋਂ ਵੇਖਣਾ, ਪੜ੍ਹਨਾ ਅਤੇ ਵਿਚਾਰਨਾ ਚਾਹੀਦਾ ਹੈ। ਤਾਂ ਹੀ ਇਹ ਸਾਖੀਆਂ ਕਿਸੇ ਵਿਚਾਰ ਦੀ ਸਾਖੀ ਦੇ ਰੂਪ ਵਿਚ ਪਰਗਟ ਹੋ ਕੇ ਸੱਚ ਮੁਚ ਸਾਖੀਆਂ ਅਖਵਾਉਣਗੀਆਂ।

ਲੋੜ ਇਸ ਗਲ ਦੀ ਹੈ ਕਿ ਜਿਵੇਂ ਕਿਸੇ ਕਿਸੇ ਸਾਖੀ ਦੇ ਭਾਵ ਨੂੰ ਅਗੇ ਪ੍ਰਤੱਖ ਕਰ ਕੇ ਸਮਝਾਇਆ ਗਿਆ ਹੈ, ਤਿਵੇਂ ਸਾਰੀ ਦੀ ਸਾਰੀ ਜਨਮਸਾਖੀ ਅਤੇ ਇਤਿਹਾਸਾਂ ਵਿਚ ਆਈਆਂ ਹੋਰ ਸਾਖੀਆਂ ਦੇ ਅਜੇਹੇ ਭਾਵਾਂ ਨੂੰ ਪ੍ਰਗਟਾਇਆ ਜਾਏ। ਵਿਦਵਾਨ ਇਸ ਪਾਸੇ ਬਹੁਤ ਕੁਝ ਕਰ ਸਕਦੇ ਹਨ। ਗੁਰੂ ਨਾਨਕ ਸਾਹਿਬ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੇ ਸਮੇਂ ਜੇ ਅਸੀਂ ਇਉਂ ਜਨਮਸਾਖੀਆਂ ਨੂੰ ਨਵੀਨ ਅਰਥ ਦੇ ਸਕੀਏ ਤਾਂ ਉਹ ਸਾਖੀਆਂ ਸਾਡੇ ਯੁਵਕਾਂ ਲਈ ਅਤੇ ਪ੍ਰੇਮੀਆਂ ਲਈ ਵਧੇਰੇ ਲਾਭਦਾਇਕ ਤੇ ਉਪਯੋਗੀ ਹੋ ਸਕਦੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਸਾਹਿਤ ਦੇ ਨਾਲ ਨਾਲ ਇਸ ਦ੍ਰਿਸ਼ਟੀਕੋਣ ਤੋਂ ਭੀ ਕੁਝ ਯਤਨ ਕੀਤਾ ਜਾਏ।

ਲੋੜ ਇਸ ਗਲ ਦੀ ਹੈ ਕਿ ਬੁਧੀ ਨੂੰ ਵਰਤਦਿਆਂ ਇਸ ਪਦਾਰਥਵਾਦੀ ਤੇ ਦਲੀਲਵਾਦੀ ਮੇਲੇ ਵਿਚ ਨਾ ਭੁਲ ਜਾਈਏ। ਇਸ ਮੇਲੇ ਵਿਚ ਗਵਾਚਣ ਤੋਂ ਬਚਣ ਦਾ ਇਕੋ ਢੰਗ ਗੁਰਬਾਣੀ ਦੀ ਉਂਗਲੀ ਫੜੀ ਰਖਣਾ ਹੈ। ਭਾਵ ਇਹ ਕਿ ਜੋ ਵਿਚਾਰ ਗੁਰਬਾਣੀ ਵਿਚ ਆਏ ਹਨ, ਉਨ੍ਹਾਂ ਅਨੁਸਾਰ ਜਨਮਸਾਖੀ ਦੀ ਅਤੇ ਇਤਿਹਾਸ ਦੀ ਵਿਆਖਿਆ (ਇੰਟਰਪ੍ਰੇਟੇਸ਼ਨ) ਕੀਤੀ ਜਾਏ। ਇਤਿਹਾਸਾਂ ਵਿਚ ਇਹ ਵਿਆਖਿਆ ਹਮੇਸ਼ਾ ਹੁੰਦੀ ਹੈ। ਇਤਿਹਾਸ

Digitized by Panjab Digital Library | www.panjabdigilib.org

ਨੂੰ ਨਹੀਂ ਕੀਤਾ ਜਾਂਦਾ ਸਗੋਂ ਵਿਆਖਿਆ ਬਦਲਦੀ ਰਹਿੰਦੀ ਹੈ। ਇਤਿਹਾਸ ਵਿਚ ਤਾਂ ਕੇਵਲ਼ ਡੂੰਘੀ ਖੋਜ ਤੋਂ ਪਿਛੋਂ ਹੀ ਕੋਈ ਤਬਦੀਲੀ ਲਿਆਂਦੀ ਜਾਂਦੀ ਹੈ।

ਦ੍ਰਿਸ਼ਟਾਂਤ ਵਜੋਂ ਅਸੀਂ ਇਥੇ ਕੁਝ ਸਾਖੀਆਂ ਦੇ, ਜਿਨ੍ਹਾਂ ਤੋਂ ਸਿੱਖ ਪਾਠਕ ਭਲੀ ਪ੍ਰਕਾਰ ਜਾਣੂੰ ਹਨ, ਕੁਝ ਅੰਤਰੀਵ ਭਾਵ ਆਪਣੀ ਬੁਧੀ ਅਨੁਸਾਰ ਦਿੰਦੇ ਹਾਂ। ਇਤਿਹਾਸਕ ਕਰਮ ਨੂੰ ਕਾਇਮ ਰਖਦਿਆਂ ਅਤੇ ਕੇਵਲ ਦ੍ਰਿਸ਼ਟਾਂਤ ਲਈ ਨਾ ਕਿ ਕੋਈ ਮੋਹਰ ਲਾਉਣ ਲਈ ਅਸੀਂ ਗੁਰੂ ਜੀ ਦੇ ਬਾਲ-ਅਵੱਸਥਾ ਦੇ ਕੌਤਕਾਂ ਨੂੰ ਹੀ ਇਸ ਲੇਖ ਵਿਚ ਵਿਚਾਰਾਂਗੇ। ਇਹ ਪਾਠਕ ਆਪ ਹੀ ਸੋਚ ਲੈਣਗੇ ਕਿ ਜੇ ਬਾਲ ਅਵੱਸਥਾ ਵਿਚ ਗੁਰੂ ਜੀ ਅਜੇਹੇ ਚੋਜ ਰਚ ਸਕਦੇ ਹਨ ਜੋ

"ਸਰਬ ਧਰਮੰ ਏਕ ਧਰਮੰ<br>ਜੇ ਕੋ ਜਾਣੈ ਭੇਉ।"

ਦਾ ਸਬੂਤ ਹੋ ਸਕਦੇ ਹਨ। ਤਾਂ ਵਡੇਰੀ ਉਮਰ ਵਿਚ ਉਨ੍ਹਾਂ ਦੇ ਭਾਵ ਹੋਰ ਵੀ ਕਿੰਨੇ ਡੂੰਘੇ ਹੋ ਗਏ ਹੋਣਗੇ ਅਤੇ ਕਿੰਨੇ ਵਿਸ਼ਾਲ।

ਨਨਕਾਣੇ ਸਾਹਿਬ ਦੇ ਗੁਰੂ ਜੀ ਦੇ ਜੀਵਨ ਵਿਚ ਫਨੀਅਰ ਸੱਪ ਦੇ ਗੁਰੂ ਜੀ ਨੂੰ ਛਾਂ ਕਰਨ ਅਤੇ ਰਾਏਬੁਲਾਰ ਨੂੰ ਵੇਖ ਕੇ ਸੱਪ ਦੇ ਤੁਰ ਜਾਣ ਜਾਂ ਇਸੇ ਤਰ੍ਹਾਂ ਰੁਖ ਦਾ ਪਰਛਾਵਾਂ ਨਾ ਢਲਣ ਦੀਆਂ ਸਾਖੀਆਂ ਆਉਂਦੀਆਂ ਹਨ।

ਪਰਤੱਖ ਹੈ ਕਿ ਸੱਪ ਦੀ ਛਾਂ ਇਸ ਗਲ ਦਾ ਸਬੂਤ ਹੈ ਕਿ ਜੋ ਲੋਕ ਸੱਪਾਂ ਜੇਹੇ ਜ਼ਹਿਰੀ ਸਨ, ਜਿਨ੍ਹਾਂ ਨੇ ਆਪਣਾ ਕੰਮ ਹੀ ਲੋਕਾਂ ਨੂੰ ਡੰਗ ਮਾਰਨਾ ਬਣਾ ਲਿਆ ਸੀ, ਉਹ ਵੀ ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਹੇਠ ਗੁਰੂ ਨਾਨਕ ਨੂੰ ਹਥੀਂ ਛਾਵਾਂ ਕਰਨ ਵਾਲੇ ਬਣੇ। ਇਵੇਂ ਹੀ ਦਰਖਤ, ਜਿਸ ਦਾ ਕੰਮ ਹੈ ਛਾਂ ਦੇਣਾ, ਉਹ ਵੀ ਗੁਰੂ ਜੀ ਲਈ ਅਟੱਲ ਛਾਂ ਬਣਿਆ, ਅਰਥਾਤ ਨੇਕ ਪੁਰਸ਼ ਵੀ

Digitized by Panjab Digital Library | www.panjabdigilib.org

ਗੁਰੂ ਜੀ ਦੀ ਸੇਵਾ ਵਿਚ ਆਏ ਅਤੇ ਉਹ ਸਦਾ ਲਈ ਗੁਰੂ ਜੀ ਦੇ ਹੋ ਗਏ। ਕੁਦਰਤ ਦੀ ਭਾਸ਼ਾ ਚੁਪ ਭਾਸ਼ਾ ਹੁੰਦੀ ਹੈ। ਉਹ ਸੰਕੇਤਾਂ ਰਾਹੀ ਪੜ੍ਹੀ ਜਾਂਦੀ ਹੈ। ਇਹ ਵੀ ਸੋਚਣ ਵਾਲੀ ਗਲ ਹੈ ਕਿ ਸਾਰੀ ਕੁਦਰਤ ਵਿਚ ਸੰਕੇਤ ਰਮਜ਼ਾਂ ਜਾਂ ਇਸ਼ਾਰੇ ਸਦਾ ਹੁੰਦੇ ਹਨ। ਮਨੁਖ ਦਾ ਸਾਰਾ ਗਿਆਨ ਸਾਰੀ ਉਨਤੀ ਅਤੇ ਸਾਰੇ ਹੀ ਜੀਵਨ ਦਾ ਸਾਰਾ ਹੀ ਸੁਖ ਉਨ੍ਹਾਂ ਰਮਜ਼ਾਂ ਨੂੰ ਸਮਝਣ ਵਿਚ ਲੁਕਿਆ ਹੋਇਆ ਹੈ। ਸੂਫੀਆਂ ਤੇ ਸੰਤਾਂ ਮਹਾਤਮਾਂ ਵਾਂਗ ਮਹਾਂਪੁਰਸ਼ਾਂ, ਅਵਤਾਰਾਂ, ਪੀਰਾਂ, ਪੈਗੰਬਰਾਂ, ਗੁਰੂਆਂ ਦੇ ਜੀਵਨ ਵਿਚ ਇਹ ਸੰਕੇਤ ਆਮ ਹੁੰਦੇ ਹਨ। ਲੋਕ ਵੇਖਣ ਜਾਂ ਨਾ ਵੇਖਣ ਕਈ ਵਾਰ ਸਦੀਆਂ ਪਿਛੋਂ ਉਨ੍ਹਾਂ ਸੰਕੇਤਾਂ ਦੀ ਮਨੁਖਤਾ ਨੂੰ ਸਮਝ ਲਗਦੀ ਹੈ। ਤ੍ਰੇਤੇ ਜੁਗ ਵਿਚ ਹੋਏ ਸ੍ਰੀ ਰਾਮ ਚੰਦਰ ਜੀ ਦੇ ਸੀਤਾ ਨੂੰ ਦਿੱਤੇ ਬਨਬਾਸ ਦੇ ਅਰਥ ਜੋ ਅੱਜ ਵੀਹਵੀਂ ਸਦੀ ਵਿਚ ਕੱਢੇ ਗਏ ਹਨ ਕਿ ਉਨ੍ਹਾਂ ਨੇ ਲੋਕ ਰਾਏ ਨੂੰ ਮਾਣ ਦਿਤਾ, 'ਇਹ ਅਰਥ ੧੯ਵੀਂ ਸਦੀ ਦੇ ਅੰਤ ਨਹੀਂ ਸਨ ਕਢੇ ਜਾ ਸਕੇ। ਇਵੇਂ ਹੀ ਅੱਜ ਦੋ ਹਜ਼ਾਰ ਵਰ੍ਹੇ ਪਹਿਲਾਂ ਦੇ ਈਸਾ ਜੀ ਦੇ ਬਚਨਾਂ ਦੇ ਨਵੇਂ ਭਾਵ ਦਿਖਾਏ ਜਾਂਦੇ ਹਨ ਅਤੇ ਉਨ੍ਹਾਂ ਨਾਲ ਅਨੇਕਾਂ ਸੰਕੇਤਾਂ ਦੀ ਸਮਝ ਪੈਂਦੀ ਹੈ। ਇਉਂ ਹੀ ਸੱਪ ਦੀ ਛਾਂ ਤੇ ਰੁਖ ਦੀ ਛਾਂ ਇਕ ਸੰਕੇਤ ਹਨ।

ਅੱਜ ਵੀ ਲੋਕ ਸੱਪਾਂ ਨਾਲ ਬੈਠ ਕੇ ਸ਼ਾਹਵੇਲਾ ਕਰਦੇ ਹਨ ਅਤੇ ਸੱਪ ਵਿਚ ਵੀ ਪਿਆਰ, ਸੁਹੱਪਣ ਅਤੇ ਪਵਿਤਰਤਾ ਦਾ ਅਹਿਸਾਸ ਇਥੋਂ ਤਕ ਲੱਭਾ ਹੈ ਕਿ ਜੇ ਉਨ੍ਹਾਂ ਦੀ ਮਾਲਕਣ ਸ਼ਾਹਵੇਲਾ ਨਹੀਂ ਖਾਂਦੀ ਤਾਂ ਸੱਪ ਵੀ ਚੁਪ ਕਰਕੇ ਬੈਠ ਜਾਂਦੇ ਹਨ ਅਤੇ ਭੁਖੇ ਰਹਿੰਦੇ ਹਨ। ਜੇ ਜੇਠੇ ਪੁੱਤਰ ਦੇ ਪਰਛਾਵੇਂ ਨਾਲ ੧੯੬੯ ਵਿਚ ਵੀ ਸੱਪ ਅੰਨਾ ਹੁੰਦਾ ਹੈ ਅਤੇ ਜੇ ੧੯੬੯ ਵਿਚ ਵੀ ਗਰਭਵਤੀ ਇਸਤਰੀ ਉਤੇ ਸੱਪ ਵਾਰ ਨਹੀਂ ਕਰਦਾ ਤਾਂ ਕੀ ਹਨੇਰ ਹੈ ਜੇ ਮੇਰੇ ਸੋਹਣੇ ਗੁਰੂ ਨਾਨਕ, ਜੋ ਜੇਠੇ ਪੁਤਰ ਵੀ ਸਨ ਜਿਨ੍ਹਾਂ ਦੇ ਮਸਤਕ ਤੋਂ ਇਲਾਹੀ ਨੂਰ ਝਲਕਦਾ ਸੀ, ਜੋ ਬਾਲ ਅਵਸਥਾ ਵਿਚ ਸਨ ਤੇ ਜਿਨ੍ਹਾਂ ਨੇ ਸੱਪ

Digitized by Panjab Digital Library | www.panjabdigilib.org

ਨੂੰ ਕੁਝ ਨਹੀਂ ਸੀ ਕਿਹਾ, ਉਨ੍ਹਾਂ ਦੇ ਚੇਹਰੇ ਉਤੇ ਛਾਂ ਕਰਨ ਲਈ ਜਾਂ ਕੇਵਲ ਖਲੋ ਕੇ ਦਰਸ਼ਨ ਕਰਨ ਲਈ ਸੁਹੱਪਣ ਦਾ ਆਸ਼ਕ ਸੱਪ ਕੁਝ ਚਿਰ ਅਰਦਾਸ ਕਰਨ ਵਿਚ ਖਲੋ ਗਿਆ ਹੋਵੇ।

ਮੱਝਾਂ ਚਾਰਨ ਦੀ ਸਾਖੀ ਬੜੀ ਪ੍ਰਸਿਧ ਹੈ। ਈਸਾ ਜੀ ਨੇ ਭੇਡਾਂ ਚਾਰੀਆਂ ਅਤੇ ਕ੍ਰਿਸ਼ਨ ਜੀ ਨੇ ਗਊਆਂ। ਈਸਾਈ ਲੋਕ ਸਾਰੇ ਈਸਾਈ ਮੱਤ ਨੂੰ ਈਸਾ ਜੀ ਦੀਆਂ ਭੇਡਾਂ ਆਖਦੇ ਹਨ ਅਤੇ ਉਹ ਕਹਿੰਦੇ ਹਨ ਕਿ ਭੇਡਾਂ ਚਾਰਨ ਤੋਂ ਭਾਵ ਹੀ ਇਹ ਹੈ ਕਿ ਈਸਾ ਜੀ ਨੇ ਸਾਨੂੰ ਪੁਠੇ ਰਾਹ ਜਾਣ, ਹੋਰਨਾਂ ਦੀਆਂ ਖੇਤੀਆਂ ਵਿਚ ਪੈਣ ਤੋਂ ਰੋਕਣਾ ਆਪਣੇ ਜਿਮੇ ਲਿਆ।

ਭਾਵੇਂ ਕ੍ਰਿਸ਼ਨ ਜੀ ਦਾ ਗਊਆਂ ਚਾਰਨਾਂ ਹਿੰਦੂ ਮੱਤ ਵਿਚ ਗਊ ਮਾਤਾ ਦੀ ਪੂਜਾ ਤੱਕ ਪੁਜਾ ਹੈ, ਪਰ ਨਵੇਂ ਸਮੇਂ ਵਿਚ ਗਊ ਨੂੰ ਦੁਧ ਤੇ ਖੇਤੀ ਦਾ ਚਿੰਨ੍ਹ ਬਣਾ ਕੇ ਕ੍ਰਿਸ਼ਨ ਜੀ ਦੀ ਦੂਰਅੰਦੇਸ਼ੀ ਦਾ ਸੂਚਕ ਦੱਸਿਆ ਗਿਆ ਹੈ।

ਤਾਂ ਕੀ ਗੁਰੂ ਨਾਨਕ ਦੇਵ ਜੀ ਦੀਆਂ ਮੱਝਾਂ ਈਸਾ ਦੀਆਂ ਭੇਡਾਂ ਤੇ ਕ੍ਰਿਸ਼ਨ ਜੀ ਦੀਆਂ ਗਊਆਂ ਤੋਂ ਵੀ ਕਮਜੋਰ ਹਨ। ਗੁਰੂ ਨਾਨਕ ਦੇਵ ਜੀ ਨੇ ਇਹ ਮੱਝਾਂ ਚਾਰ ਕੇ ਇਕ ਤਾਂ ਪਿਤਾ ਦੇ ਹੁਕਮ ਦੀ ਪਾਲ਼ਣਾ ਦੀ ਅਨੋਖੀ ਸਿਖਿਆ ਸਾਡੇ ਸਾਹਮਣੇ ਰਖੀ ਹੈ, ਦੂਜਾ ਇਹ ਵੀ ਪਰਤੱਖ ਦਿਖਾਇਆ ਹੈ ਕਿ ਕੰਮ ਕੋਈ ਮਾੜਾ ਨਹੀਂ, ਪਰ ਕਰਨ ਵਾਲਾ ਸਿਆਣਾ ਹੋਣਾ ਚਾਹੀਦਾ ਹੈ। ਅਤੇ ਗੁਰੂ ਨਾਨਕ ਦੇਵ ਜੀ ਸਾਨੂੰ ਹੋਰਨਾਂ ਖੇਤੀਆਂ ਵਿਚ ਪੈਣ ਵਾਲਿਆਂ ਨੂੰ (ਚੋਰੀ, ਠੱਗੀ, ਧੋਖਾ, ਵੱਢੀ, ਡਾਕਾ ਆਦਿ ਕੰਮ ਕਰਨ ਵਾਲਿਆਂ ਨੂੰ) ਮੋੜਨਗੇ। ਖੇਤੀ ਦਾ ਹਰੇ ਹੋਣਾ ਬੜਾ ਹੀ ਆਸ਼ਾ ਜਨਕ ਚਿੰਨ੍ਹ ਹੈ। ਉਹ ਕਲਜੁਗ ਦਾ ਸਮਾਂ ਜਿਸ ਵਿਚ ਰਾਜੇ ਕਸਾਈ ਅਤੇ ਧਰਮ ਉਡਾਰੂ ਹੋ ਕੇ ਅਨੇਰਾ ਹੀ ਅਨੇਰਾ ਪਸਰਿਆ ਹੋਇਆ ਸੀ, ਅਜੇ ਵੀ ਕੋਈ ਚਾਨਣ ਦੀ ਚਮਕ ਰਖਦਾ ਦਿਸਦਾ ਹੈ। ਹਿੰਦੁਸਤਾਨ ਦੀ ਚਰੀ ਹੋਈ ਖੇਤੀ, ਜਿਸ ਨੂੰ ਚਰਨ ਵਾਲੇ

Digitized by Panjab Digital Library | www.panjabdigilib.org

ਅਤਿਆਚਾਰੀ ਅਧਿਕਾਰੀ ਗੁਰੂ ਜੀ ਦੀ ਕਿਰਪਾ ਨਾਲ ਹਰੀ ਹੋ ਸਕਦੀ ਹੈ। ਜੇ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਸੀ, "ਭੂਤ ਭਵਿਖ ਭਵਾਨ ਜਪੈਂਗੇ" ਤਾਂ ਗੁਰੂ ਨਾਨਕ ਦੇਵ ਜੀ ਨੇ ਵੀ ਇਹ ਖੇਤੀ ਹਰੀ ਕਰਕੇ ਇਕ ਪ੍ਰਮਾਣ ਦਿੱਤਾ ਕਿ ਭਾਈ ਨਿਰਾਸ ਨਾ ਹੋਵੋ। ਧਰਮ ਲੋਕਾਈ ਸੋਧਨ ਲਈ ਗੁਰੂ ਨਾਨਕ ਸਚ ਦਾ ਸੂਰਜ ਚੜ੍ਹ ਪਿਆ ਹੈ।

ਖਰੇ ਸੌਦੇ ਤੋਂ ਪਿਛੋਂ ਬਾਪੂ ਦੀਆਂ ਚਪੇੜਾਂ ਪੈਣ ਅਤੇ ਗੁਰੂ ਨਾਨਕ ਦੇਵ ਜੀ ਦਾ ਚੁਪ ਕਰਕੇ ਸਹਿਣ ਦਾ ਵਾਕਿਆ ਸੱਚ ਮਚ ਹੀ ਇਕ ਅਨੋਖਾ ਦ੍ਰਿਸ਼ ਸਾਡੇ ਸਾਹਮਣੇ ਲਿਆਉਂਦਾ ਹੈ। ਭਾਈ ਵੀਰ ਸਿੰਘ ਜੀ ਨੇ ਇਸੇ ਕਥਾ ਨੂੰ ਲਿਖਦਿਆਂ ਕਿਹਾ ਹੈ, ਕਿ ਇਹ ਦੁਨੀਆਂ ਪੈਸੇ ਦੀ ਜਿੰਨੀ ਕੀਮਤ ਪਾਉਂਦੀ ਹੈ ਤੇ ਉਸ ਦੇ ਸਾਹਮਣੇ ਹੋਰ ਕਿਸੇ ਗੁਣ ਨੂੰ ਨਹੀਂ ਪਛਾਣਦੀ। ਉਨ੍ਹਾਂ ਨੇ ਬੜੀ ਹੀ ਸੁੰਦਰਤਾ ਨਾਲ ਅਤੇ ਬੜਾ ਬਲ ਦੇ ਕੇ ਏਸ ਵਿਚਾਰ ਨੂੰ ਪ੍ਰਗਟਾਇਆ ਹੈ।

ਜਨੇਊ ਵਾਲੀ ਸਾਖੀ ਸਾਡੇ ਵਲੋਂ ਕਿਸੇ ਟੂਕ ਦੀ ਮੁਥਾਜ ਨਹੀਂ। ਗੁਰੂ ਜੀ ਦਾ ਆਪਣਾ ਸਲੋਕ-ਦਇਆ ਕਪਾਹ ਸੰਤੋਖੁ ਸੂਤ—ਉਸ ਸਾਖੀ ਦੇ ਭਾਵ ਨੂੰ ਬੜੀ ਚੰਗੀ ਤਰ੍ਹਾਂ ਤੇ ਖੂਬਸੂਰਤੀ ਨਾਲ ਦਰਸਾਉਂਦਾ ਹੈ ਅਤੇ ਸਾਨੂੰ ਯਾਦ ਕਰਾਉਂਦਾ ਹੈ ਕਿ ਬਾਕੀ ਸਾਖੀਆਂ ਨੂੰ ਵੀ ਇਸੇ ਦ੍ਰਿਸ਼ਟੀ ਨਾਲ ਵੇਖਣ ਦੀ ਲੋੜ ਹੈ। ਮੁਸਲਮਾਨ ਨੂੰ ਵੀ ਗੁਰੂ ਜੀ ਨੇ ਇਸੇ ਤਰ੍ਹਾਂ ਹੀ ਸਮਝਾਇਆ ਹੈ ਜਦੋਂ ਆਖਿਆ ਹੈ:-

"ਸਰਮ ਸੁਨਤ ਸੀਲ ਰੋਜ਼ਾ ਹੋਹੁ ਮੁਸਲਮਾਣ।"

ਗੁਰੂ ਜੀ ਦਾ ਫਾਰਸੀ, ਹਿੰਦੀ ਜਾਂ ਲੇਖਾ ਪੜ੍ਹਨ ਪੈਣਾ ਵੀ ਇਕ ਸੰਕੇਤ ਹੈ ਕਿ, "ਪੜ੍ਹਨਾ ਗੁੜਨਾ ਸੰਸਾਰ ਦੀ ਕਾਰ ਹੈ ਅਤੇ ਗੁਰਪ੍ਰਸਾਦੀ ਵਿਦਿਆ ਵੀਚਾਰੈ ਪੜ੍ਹ ਪੜ੍ਹ ਪਾਵੈ ਮਾਨ।" ਪਰ ਨਾਲ ਹੀ ਗੁਰੂ ਜੀ ਨੇ ਆਪ ਸਮਝਾਇਆ ਹੈ ਕਿ ਬੇਸ਼ਕ:–

Digitized by Panjab Digital Library | www.panjabdigilib.org

ਪੜੀਏ ਜੇਤੇ ਬਰਸ ਬਰਸ, ਪੜੀਏ ਜੇਤੇ ਮਾਸ।
ਪੜੀਏ ਜੇਤੀ ਆਰਜਾ, ਪੜੀਏ ਜੇਤੇ ਸਾਸ।
ਪਰ—ਨਾਨਕ ਲੇਖੈ ਇਕ ਗਲ, ਹੋਰ ਹਉਮੈ ਝਖਣ ਝਾਖ।
ਅਤੇ-ਪੜ੍ਹਿਆ ਮੂਰਖ ਆਖੀਐ ਜਿਸ ਲਬ ਲੋਭ ਹੰਕਾਰ।
ਅਤੇ—ਪੜ੍ਹ ਅੱਖਰ ਇਹੋ ਬੁਝੀਐ।
ਮੂਰਖੇ ਨਾਲ ਨਾ ਲੁਝੀਐ।

ਵੇਦ ਵਾਲੀ ਸਾਖੀ ਵਿਚ ਵੀ ਗੁਰੂ ਜੀ ਨੇ ਕਈ ਵਿਚਾਰ ਸਾਡੇ ਸਾਹਮਣੇ ਲਿਆਂਦੇ ਹਨ, ਜਿਨ੍ਹਾਂ ਵਿਚੋਂ ਸਾਧਾਰਨ ਤਾਂ ਇਹ ਹੈ, ਜਿਵੇਂ ਰਾਬਿੰਦਰਾ ਨਾਥ ਟੈਗੋਰ ਨੇ ਆਖਿਆ ਹੈ (ਆਪਣੇ ਨਾਵਲ ਦੋ ਭੈਣਾਂ ਵਿਚ) ਇਨ੍ਹਾਂ ਡਾਕਟਰਾਂ ਨੂੰ ਕੋਈ ਸਮਝ ਨਹੀਂ, ਐਵੇਂ ਟੂਲੇ ਲਾਉਂਦੇ ਹਨ ਅਤੇ ਸਤਿਆਨਾਸ ਕਰਦੇ ਹਨ।

ਅੱਜ ਦੇ ਮਨੋਵਿਗਿਆਨ ਨੇ ਵਧੇਰੇ ਹੀ ਸਪਸ਼ਟ ਭਾਂਤ ਤੇ ਸਿਧ ਕਰ ਦਿੱਤਾ ਹੈ ਕਿ ਸਰੀਰਕ ਰੋਗਾਂ ਦਾ ਅਸਲ ਕਾਰਨ ਨਬੇ ਤੋਂ ਵਧ ਪ੍ਰਤੀਸ਼ਦ ਹਾਲਤਾਂ ਵਿਚ ਮਾਨਸਕ ਅਵੱਸਥਾ ਹੁੰਦੀ ਹੈ। ਏਸੇ ਨੂੰ ਹੀ ਮੇਰੇ ਸਤਿਗੁਰੂ ਜੀ ਨੇ "ਕਰਕ ਕਲੇਜੇ ਮਾਹਿ" ਆਖਿਆ। ਇਹ ਵੀ ਸਿਧ ਹੋ ਚੁਕਾ ਹੈ ਕਿ ਅਜੇਹੇ ਰੋਗਾਂ ਦਾ ਇਲਾਜ ਬਾਹਰੋਂ ਕਰਨ ਨਾਲ ਮਾਨਸਿਕ ਪ੍ਰਭਾਵ ਹੋ ਜਾਏ ਤਾਂ ਰੋਗੀ ਠੀਕ ਹੁੰਦਾ ਹੈ, ਨਹੀਂ ਤਾਂ ਰੋਗ ਕਾਬੂ ਨਹੀਂ ਆਉਂਦਾ ਅਤੇ ਰੋਗ ਪਛਾਣੇ ਬਿਨਾ ਦਾਰੂ ਕਾਹਦਾ। ਅੱਜ ਕਲ ਤਾਂ ਨਿਰੀ ਰੋਗ ਦੀ ਪਛਾਣ ਕਰਨ ਵਾਲੇ ਡਾਕਟਰ ਪੁੜੀਆਂ ਬੰਨਣ ਵਾਲੇ ਡਾਕਟਰਾਂ ਨਾਲੋਂ ਕਈ ਗੁਣਾਂ ਵਧ ਫੀਸ ਲੈਂਦੇ ਹਨ। ਹਸਪਤਾਲਾਂ ਦੀਆਂ ਸਾਰੀਆਂ ਲਿਬਾਟਰੀਆਂ ਅਤੇ ਐਕਸਰੇ ਅਤੇ ਟੈਸਟ ਕਰਨ ਦੇ ਢੰਗ ਆਦਿ ਸਭ ਰੋਗ ਦੀ ਪਛਾਣ ਲਈ ਹੀ ਤਾਂ ਤਰਲੇ ਹਨ ਤਾਂ ਕਿ ਹਨੇਰੇ ਵਿਚ ਹੀ ਸੋਟੇ ਨਾ ਮਾਰੇ ਜਾਣ।

Digitized by Panjab Digital Library | www.panjabdigilib.org

ਇਹੋ ਸਾਖੀ ਇਹ ਵੀ ਦੱਸਦੀ ਹੈ ਕਿ ਦੁਨੀਆਂਦਾਰੀ ਤੇ ਪਦਾਰਥਵਾਦੀ ਨਜ਼ਰ ਕਿਵੇਂ ਸੱਚ ਦੇ ਪੰਧਾਊਆਂ ਨੂੰ ਰੋਗੀ ਸਮਝ ਲੈਂਦੀ ਹੈ ਅਤੇ ਇਹ ਵੀ ਪਰਤੱਖ ਹੈ ਕਿ "ਸੀਨੇ ਖਿਚ ਜਿਨ੍ਹਾਂ ਨੇ ਖਾਧੀ ਉਹ ਕਰ ਆਰਾਮ ਨਹੀਂ ਬਹਿੰਦੇ।" ਗੁਰੂ ਜੀ ਦੇ ਕਲੇਜੇ ਦੀ ਕਰਕ ਲੁਕਾਈ ਦੀ ਪੀੜਾ ਸੀ, ਜਿਸ ਨੂੰ ਹਰਨ ਲਈ ਉਹ ਦਿਨੇ ਰਾਤ ਵਿਉਂਤਾਂ ਸੋਚ ਰਹੇ ਸਨ, ਢੰਗ ਵਿਚਾਰ ਰਹੇ ਸਨ, ਪਰ ਭੋਲਾ ਵੈਦ ਇਸ ਪੀੜਾ ਨੂੰ ਨਹੀਂ ਸੀ ਸਮਝਦਾ, ਨਾ ਦੁਨੀਆਂ ਦਾਰ ਮਾਪੇ, ਨਾ ਪਦਾਰਥਵਾਦੀ ਦੁਨੀਆਂ ਇਸ ਦਰਦ ਦਾ ਮਰਮ ਪਛਾਣ ਸਕਦੀ ਹੈ।

ਭਾਈ ਗੁਰਦਾਸ ਜੀ ਦੀ ਯਾਰਵੀਂ ਵਾਰ ਵਿਚ ਭਾਵੇਂ ਅੰਤਲੀਆਂ ਪਉੜੀਆਂ ਵਿਚ ਕੇਵਲ ਸਿੱਖਾਂ ਦੇ ਨਾ ਹੀ ਦਿਤੇ ਹਨ ਤਾਂ ਵੀ ਪਹਿਲੀਆਂ ਕੁਝ ਪਉੜੀਆਂ ਵਿਚ ਸਿੱਖੀ ਦੇ ਵਿਸ਼ੇਸ਼ ਸਿਧਾਂਤ ਦਰਸਾਏ ਹਨ ਅਤੇ ਉਨ੍ਹਾਂ ਸਿਧਾਂਤਾ ਉਤੇ ਚਲਣ ਵਾਲੇ ਸਿਖਾਂ ਦੇ ਹੀ ਨਾਂ ਅਗੇ ਪਉੜੀਆਂ ਵਿਚ ਲਿਖੇ ਹਨ। ਇੰਜ ਹੀ ਭਾਈ ਗੁਰਦਾਸ ਜੀ ਦੀ ਦਸਵੀਂ ਵਾਰ ਵਿਚ ਧਰੂਹ, ਪ੍ਰਹਿਲਾਦ, ਹਰੀ ਚੰਦ ਅਤੇ ਹੋਰ ਅਨੇਕਾਂ ਕਥਾਵਾਂ ਲਿਖ ਕੇ ਹਰ ਕਥਾ ਦੇ ਅੰਤ ਉਤੇ ਪਉੜੀ ਦੀ ਅੰਤਲੀ ਤੁਕ ਵਿਚ ਇਕ ਸਿਧਾਂਤ ਦੇਂਦੇ ਹਨ। ਜਿਵੇਂ "ਗੁਰਮੁਖ ਹਾਰ ਚਲੇ ਜਗ ਜੀਤਾ" ਜਾਂ "ਸਾਧ ਸੰਗਤ ਵਿਟੋਂ ਗੁਰਬਾਨੀ "ਨਾਥ ਅਨਾਥਾਂ ਬਾਣ ਧੁਰਾਂ ਦੀ" ਇਉਂ ਉਹ ਸਾਰੀਆਂ ਕਥਾਵਾਂ ਇਸ ਸਿਧਾਂਤ ਦੀਆਂ ਸਾਖੀਆਂ ਬਣ ਜਾਂਦੀਆਂ ਹਨ।

ਅਸਾਂ ਅਜੇ ਵਧੇਰੇ ਸਾਖੀਆਂ ਹੀ ਲਿਖੀਆਂ ਹਨ, ਉਨ੍ਹਾਂ ਦੇ ਸਿਧਾਂਤ ਨਹੀਂ ਲਿਖੇ। ਇਉਂ ਕਹੀਏ ਕਿ ਜੋ ਕੰਮ ਭਾਈ ਗੁਰਦਾਸ ਜੀ ਨੇ ਉਸ ਵਾਰ ਦੀ ਹਰ ਪਉੜੀ ਦੇ ਅੰਤ ਉਤੇ ਕੀਤਾ ਹੈ ਉਹ ਕੰਮ ਅਸੀਂ ਪੰਜ ਸੌ ਸਾਲਾ ਦੇ ਅੰਤ ਉਤੇ ਕਰਨਾ ਹੈ।

ਬਾਬਾਣੀਆਂ ਕਹਾਣੀਆਂ ਤਾਂ ਹੀ ਪੁਤਰਾਂ ਨੂੰ ਸਪੁਤਰ ਬਨਾਉਣਗੀਆਂ ਜੇ ਉਨ੍ਹਾਂ ਦੇ ਅਜੇਹੇ ਸਿਧਾਂਤ ਉਨ੍ਹਾਂ ਪੁਤਰਾਂ ਦੇ ਸਾਹਮਣੇ ਲਿਆਂਦੇ ਜਾਣ।

Digitized by Panjab Digital Library | www.panjabdigilib.org

# ਰਾਇ ਬੁਲਾਰ ਦੀ ਅੰਤਮ ਤਾਂਘ

ਗਿ: ਨਾਨਕ ਸਿੰਘ ਜੀ 'ਲੱਚ' ਛਛਰੌਲੀ

ਸਿਕਾਂ ਸਿਕਦੇ ਕਿੰਨੇ ਹੀ ਸਾਲ ਬੀਤੇ,
ਮਾਨੋਂ ਲੰਘੀਆਂ ਸਦੀਆਂ ਭਾਰੀਆਂ ਨੇ।
ਹਾੜ ਗੁਜਰਦਾ ਸਿਆਲ ਦੀ ਤਾਂਘ ਰਹਿੰਦੀ,
ਵਧਦੀਆਂ ਜਾਂਦੀਆਂ ਏਦਾਂ ਲਚਾਰੀਆਂ ਨੇ।
ਲੰਘਦਾ ਜੁਗਾਂ ਸਮਾਨ ਪਲ ਪਲ ਦਾਤਾ,
ਤਾਂਘ ਤਾਂਘ ਕੇ ਅੱਖੀਆਂ ਹਾਰੀਆਂ ਨੇ।
ਚੰਗੇ ਗਏ ਸਾਨੂੰ ਲਾਰੇ ਲਾ ਪ੍ਰੀਤਮ,
ਵਾਹ ਵਾਹ ਚੰਗੀਆਂ ਲਾਈਆਂ ਯਾਰੀਆਂ ਨੇ।

ਵਿੱਚ ਬ੍ਰਿਹੋਂ ਦੇ ਮੰਦੜਾ ਹਾਲ ਹੋਇਆ,
ਬਖਸ਼ਨ ਹਾਰ ਨਾਨਕ ਬਖਸ਼ਨ ਹਾਰ ਨਾਨਕ।
ਲਗੀ ਔੜ ਵਿਛੋੜੇ ਦੀ ਆਣ ਭਾਰੀ,
ਦੇਹ ਦੀਦਾਰ ਨਾਨਕ ਦੇਹ ਦੀਦਾਰ ਨਾਨਕ।

ਦੁੱਖੀਆਂ ਲਈ ਦਾਤਾ ਤੁਸਾਂ ਦੂਰ ਜਾ ਜਾ,
ਡਾਢੀਆਂ ਘਾਲਨਾ ਤੁਸਾਂ ਨੇ ਘਾਲੀਆਂ ਨੇ।
ਭੁੱਖ ਤ੍ਰੇਹ ਤੇ ਸਫਰ ਦੇ ਦੁਖ ਸਹਿ ਸਹਿ,
ਸੜਦੀਆਂ ਰੂਹਾਂ ਤੁਸਾਂ ਜਾ ਜਾ ਠਾਰੀਆਂ ਨੇ।
ਸਾਰੇ ਸੁਖ ਅਰਾਮ ਤੂੰ ਛਡ ਘਰ
ਰਾਤਾਂ ਟੁਰਦਿਆਂ ਟੁਰਦਿਆਂ ਜਾਰੀਆਂ ਨੇ।
ਮੈਂ ਵੀ ਉਨ੍ਹਾਂ ਤੋਂ ਵਧ ਹਾਂ ਦੁੱਖੀ ਦਾਤਾ,
ਆਈਆਂ ਮੇਰੀਆਂ ਕਿਉਂ ਨਾ ਵਾਰੀਆਂ ਨੇ।

Digitized by Panjab Digital Library | www.panjabdigilib.org

ਮੇਰੇ ਉਤੇ ਵੀ ਤਰਸ ਚਾ ਖਾ ਦਾਤਾ,
ਤਾਰਨ ਹਾਰ ਨਾਨਕ ਤਾਰਨ ਹਾਰ ਨਾਨਕ।
ਹੁਣ ਤਾਂ ਨਦੀ ਕਿਨਾਰੇ ਹੈ ਰੁਖ ਦਾਤਾ,
ਦੇਹ ਦੀਦਾਰ ਨਾਨਕ ਦੇਹ ਦੀਦਾਰ ਨਾਨਕ।

ਸਿਰ ਕੰਬਦਾ ਪੈਰ ਪਏ ਥਿੜਕਦੇ ਨੇ,
ਨੀਰ ਅੱਖੀਆਂ ਤੋਂ ਪਿਆ ਚਲਦਾ ਏ।
ਵਾਂਗ ਡੋਲ ਦੇ ਡੋਲੇ ਸਰੀਰ ਸਾਰਾ,
ਪ੍ਰਾਹੁਣਾ ਇਹ ਹੁਣ ਘੜੀ ਕਿ ਪਲਦਾ ਏ।
ਜੀਵਾਂ ਮਰਾਂ ਤੇ ਮੂਲ ਨਾ ਜਿੰਦ ਛੁਟਦੀ,
ਗਿਲੇ ਗੋਹੇ ਵਾਂਗੂ ਧੁਖ ਧੁਖ ਬਲਦਾ ਏ।
ਇਹ ਉਹ ਰੁਖ ਹੈ ਤੇਰੇ ਪਿਆਰ ਵਾਲਾ,
ਜੀਹਦਾ ਹੁਣ ਪਰਛਾਵਾਂ ਪਿਆ ਢਲਦਾ ਏ।

ਹੁਣ ਤਾਂ ਨੈਣਾਂ ਦੀ ਲੋ ਵੀ ਬੁਝ ਚਲੀ,
ਲੋ ਬਖਸ਼ ਦੇਹ ਇਨ੍ਹਾਂ ਵਿਚਕਾਰ ਨਾਨਕ।
ਹਾੜੇ ਘਤ ਘਤ ਕੇ ਪਿਆ ਆਖਦਾ ਹਾਂ,
ਦੇਹ ਦੀਦਾਰ ਨਾਨਕ ਦੇਹ ਦੀਦਾਰ ਨਾਨਕ।

ਇੰਨਾ ਕਹਿੰਦੇ ਦੀਆਂ ਅੱਖਾਂ ਬੰਦ ਹੋਈਆਂ,
ਬੰਦ ਇਧਰੋਂ ਨਾਲ ਜ਼ਬਾਨ ਹੋ ਗਈ।
ਸਰਧਾ ਸਿੱਕ ਦੇ ਵਿੱਚ ਲਿਵਲੀਨ ਹੋ ਗਈ,
ਮੂਰਤ ਉਸਦੀ ਮੂਰਤੀਮਾਨ ਹੋ ਗਈ।
ਉਧਰ ਪ੍ਰੇਮ ਦੀ ਤਾਰ ਵੀ ਜਾ ਖੜਕੀ,
ਸਚੇ ਸਿਦਕ ਦੀ ਇਹ ਪਛਾਣ ਹੋ ਗਈ।
ਲਿਵ ਨਾਨਕ ਦੇ ਚਰਨਾਂ ਵਿੱਚ ਜਾ ਲਗੀ,
ਬਿਰਤੀ ਇਧਰੋਂ ਅੰਤਰ ਧਿਆਨ ਹੋ ਗਈ।

Digitized by Panjab Digital Library | www.panjabdigilib.org

ਕਦਮ ਧਰਿਆ ਕਿਸੇ ਇਨੇ ਵਿਚ ਵੇਹੜੇ,
ਉਠੋ ਰਾਇ ਜੀ ਸਤਿਕਾਰ ਜੀ ਕਹੁ।
ਅੱਖਾਂ ਖੋਲ੍ਹ ਤਕੋ ਨਾਨਕ ਆ ਗਿਆ ਏ,
ਉਠੋ ਵਾਹਿਗੁਰੂ ਨਾਲ ਪਿਆਰ ਜੀ ਕਹੁ।

ਅੱਖ ਖੁਲ੍ਹੀ ਤੇ ਸੁਰਤ ਟਿਕਾਣੇ ਹੋ ਗਈ,
ਪਰ ਗੁੰਗਾ ਜਿਉਂ ਗੁੜ ਨੂੰ ਖਾ ਰਿਹਾ ਸੀ।
ਪੀ ਕੇ ਦੀਦ ਦੀ ਮਦ ਸੀ ਮਸਤ ਹੋਇਆ,
ਮਸਤੀ ਵਿਚ ਸੀ ਆਪਾ ਭੁਲਾ ਰਿਹਾ ਸੀ।
ਬਿਟ ਬਿਟ ਤਕਦਾ ਤੇ ਮੂੰਹੋਂ ਬੋਲਦਾ ਨਹੀਂ,
ਭੁਖੀ ਆਤਮਾਂ ਤਾਂਈ ਰਜਾ ਰਿਹਾ ਸੀ।
ਗਦ ਗਦ ਹੋ ਕੇ ਪ੍ਰੇਮ 'ਚ ਗਲਾ ਰੁਕਿਆ,
ਪਰ ਨੈਣਾਂ ਤੋਂ ਕੁਝ ਸਮਝਾ ਰਿਹਾ ਸੀ।

ਨੂਰੀ ਨੈਣਾਂ ਨਾਲ ਨੈਣ ਜਦ ਚਾਰ ਹੋਏ,
ਹਨੇਰਾ ਕੁਝ ਅਗਿਆਨ ਦਾ ਦੂਰ ਹੋਇਆ।
ਬੂਹਾ ਖੁਲ੍ਹ ਗਿਆ 'ਲੱਚ' ਸੱਚ ਖੰਡ ਵਾਲਾ,
ਰਾਇ ਖੁਦ ਖੁਦਾ ਦਾ ਨੂਰ ਹੋਇਆ।

————

## § ਪੰਜਾਬੀ ਬੋਲੋ।

## § ਪੰਜਾਬੀ ਪੜ੍ਹੋ।

## § ਪੰਜਾਬੀ ਲਿਖੋ।

Digitized by Panjab Digital Library | www.panjabdigilib.org

# ਗੁਰਦੁਆਰਾ
# ਸ੍ਰੀ ਨਾਨਕ ਝੀਰਾ ਸਾਹਿਬ ਜੀ

ਜਿਥੈ ਜਾਇ ਬਹੈ ਮੇਰਾ ਸਤਿਗੁਰੂ,
ਸੋ ਥਾਨ ਸੁਹਾਵਾ ਰਾਮ ਰਾਜੇ।

ਇਸ ਮਹਾਂ ਵਾਕ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੰਮਤ ੧੫੬੮ ਈਸਵੀ ਨੂੰ ਦੂਸਰੀ ਉਦਾਸੀ ਧਾਰਨ ਕਰਕੇ ਜਗਤ ਦੇ ਜੀਵਾਂ ਦਾ ਉਧਾਰ ਕਰਨ ਲਈ ਅਤੇ ਝੂਠੇ ਤੇ ਗੁਮਰਾਹ ਹੋਏ ਲੋਕਾਂ ਨੂੰ ਸਚ ਦੇ ਮਾਰਗ ਪਰ ਚਲਾਣ ਲਈ ਦੇਸ਼ ਦਿਸ਼ਾਂਤਰਾਂ ਦੇ ਦੌਰੇ ਕੀਤੇ। ਹੋਰ ਇਤਿਹਾਸਕਾਰਾਂ ਤੇ ਭਾਈ ਰਾਮ ਦਿਤਾ ਮਲ ਤੇ ਮੌਲਵੀ ਅਲੀ ਮੁਹੰਮਦ, ਜਿਨ੍ਹਾਂ ਨੇ ਉਰਦੂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੁਆਨ ਉਮਰੀ ਲਿਖੀ ਹੈ, ਉਹ ਲਿਖਦੇ ਹਨ, ਜੋ ਗੁਰੂ ਮਹਾਰਾਜ ਜਦੋਂ ਦਖਣ ਦੇਸ਼ ਵਿਚ ਆਇ, ਤਾਂ ਪਹਿਲਾਂ ਬਾਬਾ ਜੀ, ਗੋਮਟੀ, ਨਾਗਪੁਰ, ਵਾਰਧਾ, ਕੋਲਾਪੁਰ, ਹਿੰਗੋਲੀ, ਤੇ ਹੁੰਦੇ ਹੋਇ ਆਪ ਉਂਕਾਰ ਮੰਦਰ ਪੁਜੇ ਜੋ ਹਿੰਦੂ ਮਤ ਦਾ ਭਾਰੀ ਤੀਰਥ ਅਸਥਾਨ ਹੈ, ਉਥੇ ਆਪਣੇ ਸੁੰਦਰ ਉਪਦੇਸ਼ ਦੁਆਰਾ ਲੋਗਾਂ ਦੇ ਮਨਾਂ ਨੂੰ ਸ਼ਾਂਤ ਕੀਤਾ, ਨਾਲ ਹੀ ਦਖਣੀ ਓਅੰਕਾਰ ਦੀ ਬਾਣੀ ਦਾ ਉਚਾਰਣ ਭੀ ਕੀਤਾ। ਉਥੋਂ ਹੁੰਦੇ ਹੋਏ ਆਪ ਔਂਢੇ ਨਗਰ ਨਾਮੀ ਪਿੰਡ ਜਿਥੇ ਭਗਤ ਨਾਮ ਦੇਵ ਜੀ ਦੀ ਯਾਦ ਦਾ ਸੋਹਣਾ ਮੰਦਰ ਹੈ, ਉਸ ਮੰਦਰ ਪਾਸ ਪੁਜੇ। ਉਸ ਮੰਦਰ ਨੂੰ ਭਗਤ ਜੀ ਨੇ ਆਪਣੀ ਭਗਤੀ ਦੀ ਸ਼ਕਤੀ ਨਾਲ ਫਿਰਾਇਆ ਸੀ, ਅਤੇ ਹੁਣ ਤੀਕ ਉਸੇ ਤਰ੍ਹਾਂ ਮੌਜੂਦ ਹੈ।

Digitized by Panjab Digital Library | www.panjabdigilib.org

ਬਾਬਾ ਜੀ ਉਥੇ ਜਾ ਬੈਠੇ। ਭਗਤ ਜੀ ਨੇ ਇਸ ਤੋਂ ਪਹਿਲਾਂ ਭੀ ਬਾਬਾ ਜੀ ਦੇ ਦਰਸ਼ਨ ਕਾਸ਼ੀ ਵਿਚ ਕੀਤੇ ਸਨ। ਬਾਬਾ ਜੀ ਨੂੰ ਵੇਖਦਿਆਂ ਹੀ ਇਕ ਦਮ ਪਛਾਣ ਲਿਆ। ਭਗਤ ਜੀ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਬਾਬਾ ਜੀ ਨੂੰ ਬੜੇ ਸਤਿਕਾਰ ਸਹਿਤ ਨਮਸ਼ਕਾਰ ਕਰਕੇ ਬੇਨਤੀ ਕੀਤੀ, "ਮਹਾਰਾਜ ਆਪ ਦੇ ਦਰਸ਼ਨ ਤਾਂ ਸਚ ਮੁਚ ਵਿਸ਼ਨੂੰ ਸਰੂਪ ਹਨ ।"

ਬਾਬਾ ਜੀ ਨੇ ਕਿਹਾ, ਭਗਤ ਜੀ, ਇਹ ਤਾਂ ਆਪਣੇ ਮਨ ਦੀ ਭਾਵਨਾ ਦਾ ਫਲ ਹੈ, ਜੈਸਾ ਭਗਤ ਦਾ ਹਿਰਦਾ ਹੁੰਦਾ ਹੈ, ਉਸਨੂੰ ਵੈਸਾ ਹੀ ਨਜ਼ਰ ਆਉਂਦਾ ਹੈ। ਕਿਉਂਕਿ ਤੁਹਾਡਾ ਮਨ ਭਗਤੀ ਕਰਕੇ ਇਤਨਾ ਪਵਿਤਰ ਹੋ ਚੁਕਾ ਹੈ, ਜੋ ਸਾਖਿਆਤ ਦਰਸ਼ਨ ਹੁੰਦਾ ਰਹਿੰਦਾ ਹੈ। ਇਹ ਬਚਨ ਸੁਣ ਕੇ ਭਗਤ ਨਾਮ ਦੇਵ ਜੀ ਨੇ ਆਪਣੇ ਸਾਥੀਆਂ ਸਣੇ ਫਿਰ ਨਮਸਕਾਰ ਕੀਤੀ। ਗੁਰੂ ਜੀ ਏਥੋਂ ਚਲਕੇ ਸ਼ਹਿਰ ਕਰਨੌਰ ਪਹੁੰਚੇ, ਇਥੇ ਭੀ ਸਚ ਦਾ ਉਪਦੇਸ਼ ਕਰਕੇ ਕਈਆਂ ਦਾ ਉਧਾਰ ਕੀਤਾ। ਕਰਨੌਰ ਤੋਂ ਚਲਕੇ ਆਪ ਹੈਦਰਾਬਾਦ, ਗੋਲਕੁੰਡਾ ਹੁੰਦੇ ਹੋਇ ਕਰਨਾਟਕ ਦੇਸ਼ ਦੇ ਬਿਦਰ ਸ਼ਹਿਰ ਪੁਜੇ। ਏਥੇ ਕਨਪਾਟੇ ਜੋਗੀ ਤੇ ਬੈਰਾਗੀਆਂ ਦਾ ਮਠ ਸੀ, ਜਿਨ੍ਹਾਂ ਦੇ ਗਲਾਂ ਵਿਚ ਪਥਰ ਦੇ ਲਿੰਗ ਲਟਕ ਰਹੇ ਸਨ, ਉਹ ਆਪ ਭੀ ਪਥਰ ਦੀ ਪੂਜਾ ਕਰਦੇ ਸਨ, ਅਤੇ ਭੋਲ ਭਾਲੇ ਲੋਗਾਂ ਨੂੰ ਭੀ ਇਹੋ ਉਪਦੇਸ਼ ਦੇਂਦੇ ਸਨ। ਗੁਰੂ ਜੀ ਇਨ੍ਹਾਂ ਪਾਸ ਪੁਜੇ, ਅਤੇ ਇਸ ਪੂਜਾ ਦਾ ਖੰਡਨ ਕੀਤਾ। ਗੁਰੂ ਜੀ ਨੇ ਇਕ ਅਕਾਲ ਪੁਰਖ ਵਾਹਿਗੁਰੂ ਦੀ ਪੂਜਾ ਦਾ ਉਪਦੇਸ਼ ਦਿਤਾ। ਆਪਣੀ ਪਵਿਤਰ ਬਾਣੀ ਦਵਾਰਾ ਬੈਰਾਗੀ ਦੇ ਗੁਣ ਦਸੇ ਜੋ ਬੈਰਾਗੀ ਕਿਹੋ ਜਿਹਾ ਹੋਣਾ ਚਾਹੀਦਾ ਹੈ। ਜਿਸ ਦੀ ਬਾਬਤ ਗੁਰਬਾਣੀ ਵਿਚ ਇਸਤਰ੍ਹਾਂ ਲਿਖਿਆ ਹੈ:—

ਅਸੰਖ ਬੈਰਾਗੀ ਕਰਹਿ ਬੈਰਾਗ,
ਸੋ ਬੈਰਾਗੀ ਜਿ ਖਸਮੈ ਭਾਵੈ;

Digitized by Panjab Digital Library | www.panjabdigilib.org

ਹਿਰਦੈ ਸਬਦ ਸਦਾ ਭੈ ਰਚਿਆ ;
ਗੁਰੂ ਕੀ ਕਾਰ ਕਮਾਵੈ,!

ਸੋਰਠ ਮ: ੧ ਪੰਨਾ ੬੩੪

ਫਿਰ ਗੁਰੂ ਸ਼ਾਹਿਬ ਜੀ ਨੇ ਇਸਤਰ੍ਹਾਂ ਹੁਕਮ ਕੀਤਾ :-

ਬਿਨ ਸਤਿਗੁਰੂ ਸੇਵੇ ਘੋਰ ਅੰਧਾਰਾ,
ਬਿਨ ਸਬਦੈ ਕੋਇ ਨ ਪਾਵੈ ਪਾਰਾ,
ਜੋ ਸਬਦਿ ਰਾਤੇ ਮਹਾ ਬੈਰਾਗੀ,
ਸੋ ਸਚੁ ਸਬਦੇ ਲਾਹਾ ਹੇ, ।

ਇਸ ਤਰ੍ਹਾਂ ਤਵਾਰੀਖ ਗੁਰੂ ਖਾਲਸਾ ਵਿਚ ਭੀ ਲਿਖਿਆ ਹੈ :-

ਬੈਰਾਗੀ—ਸੁੰਨ ਮੰਡਲ ਮੇ ਸੁਰਤ ਸਮਾਵੈ,
ਬਕੈ ਨ ਬੋਲੈ ਹਰਿ ਗੁਣ ਗਾਵੈ,
ਸਤ ਰਸ ਝੋਲ ਮਹਾ ਰਸ ਪੀਵੈ,
ਸੁੰਨ ਮੰਡਲ ਮੇ ਅਸਥਿਰ ਥੀਵੈ,

ਬ੍ਰਹਮ ਅਗਨ ਮੇ ਜਾਰੇ ਆਪ,
ਸੋ ਬੈਰਾਗੀ ਮੇਟੈ ਤਾਪ,
ਸਦਾ ਰਹੇ ਅੰਤ੍ਰ ਮੁਖੀ ਗਿਆਨੀ,
ਨਾਨਕ ਸੋ ਬੈਰਾਗੀ ਗਿਆਨੀ,
ਐਸੇ ਵਾਕ ਸੁਣੇ ਗੁਰ ਕੇਰੇ;
ਬਿਨਾ ਦਮਾ ਦੇ ਹੋਇ ਚੇਰੇ;

Digitized by Panjab Digital Library | www.panjabdigilib.org

ਹਾਥ ਜੋੜ ਸਭਨਾ ਸਿਰ ਨਿਆਈ,
ਚਰਨ ਫੜੇ ਗੁਰ ਕੀਰਤ ਗਾਈ,

ਮਹਾਂ ਪੁਰਖ ਸਤਿਗੁਰ ਜੀ ਪੂਰੇ,
ਬਖ਼ਸ਼ੋ ਸਾਡੇ ਆਪ ਕਸੂਰੇ,
ਆਪ ਅਸਾਂ ਤੇ ਤਰਸ ਕਮਾਵੋ,
ਸਿਧੇ ਰਸਤੇ ਸਭ ਨੂੰ ਪਾਵੋ,

ਸਤਿਗੁਰ ਦਸਿਆ ਭਜਨ ਅਕਾਲ,
ਛੋਡੋ ਪਥਰ ਪੂਜਾ ਜਾਲ,
ਏਕਾ ਏਕ ਰਖੋ ਤੁਮ ਨਾਲ,
ਵਾਹਿਗੁਰੂ ਜਪਿ ਹੋਇ ਨਿਹਾਲ,

ਇਹ ਬਚਨ ਸੁਣ ਕੇ ਸਭਨਾ ਨੇ ਬਾਬਾ ਜੀ ਦੇ ਚਰਨਾਂ ਪਰ ਮਥਾ ਟੇਕਿਆ, ਅਤੇ ਬੇਨਤੀ ਕੀਤੀ, ਬਾਬਾ ਜੀ, ਆਪ ਨੇ ਅਸਾਂ ਤੇ ਬੜਾ ਪਰਉਪਕਾਰ ਕੀਤਾ ਹੈ। ਕਿਤਨੀ ਦੂਰੋਂ ਚਲਕੇ ਸਾਨੂੰ ਦਰਸ਼ਨ ਦਿਤੇ ਹਨ, ਅਤੇ ਆਪਣੇ ਮਨੋਹਰ ਉਪਦੇਸ਼ ਦਵਾਰਾ ਸਿਧਾ ਰਸਤਾ ਦਸਿਆ ਹੈ। ਅਸੀਂ ਆਪ ਜੀ ਨੂੰ ਯਕੀਨ ਦਿਵਾਂਦੇ ਹਾਂ, ਕਿ ਅਗੇ ਤੋਂ ਇਹ ਪੂਜਾ ਛੋਡ ਕੇ ਇਕ ਵਾਹਿਗੁਰੂ ਦਾ ਸਿਮਰਨ ਕਰਾਂਗੇ। ਗੁਰੂ ਜੀ ਏਥੋਂ ਚਲਕੇ ਬਿਦਰ ਸ਼ਹਿਰ ਤੋਂ ਕੋਈ ਡੇਢ ਕੁ ਮੀਲ ਦੀ ਵਿਥ ਤੇ ਇਕ ਟਿਲੇ ਦੇ ਥਲੇ ਜਾ ਬੈਠੇ। ਮਰਦਾਨੇ ਨੂੰ ਹੁਕਮ ਦਿਤਾ, ਖੋਲ੍ਹ ਰਬਾਬ, ਦੇਰ ਨ ਕਰ, ਵੇਖ ਕੈਸੀ ਸੁਹਾਵਣੀ ਜਗਾ ਹੈ, ਕਿਆ ਸੋਹਣਾ ਜੰਗਲ ਤੇ ਪਹਾੜੀ ਧਰਤੀ ਹੈ। ਜਰਾ ਵੇਖ ਤਾਂ ਸਹੀ, ਪੰਛੀ ਭੀ ਵਾਹਿਗੁਰੂ ਦੇ ਗੁਣ ਗਾ ਰਹੇ ਹਨ, ਖੋਹਲ ਰਬਾਬ, ਤੇ ਲਗਾ ਨਿਰੰਕਾਰ ਦੀ ਧੁਨੀ। ਭਾਈ ਮਰਦਾਨੇ ਨੇ ਜਦੋਂ ਰਬਾਬ ਤੇ ਹਥ ਰਖਿਆ,

Digitized by Panjab Digital Library | www.panjabdigilib.org

ਤਾਂ ਸਾਰਾ ਜੰਗਲ ਹੀ ਵਾਹਿਗੁਰੂ ਦੀ ਧੁਨੀ ਨਾਲ ਗੂੰਜ ਉਠਿਆ। ਹਰ ਪਾਸੋਂ ਤੂੰਹੀ ਨਿਰੰਕਾਰ, ਤੂੰਹੀ ਨਿਰੰਕਾਰ ਦੀ ਧੁਨੀ ਸੁਣਾਈ ਦੇਣ ਲਗ ਪਈ। ਬਾਬਾ ਜੀ ਤੋਂ ਥੋੜੀ ਦੂਰ ਤੇ ਮੰਨੇ ਪਰ ਮੰਨੇ ਫਕੀਰ ਰਹਿੰਦੇ ਸਨ, ਜਿਨ੍ਹਾਂ ਵਿਚੋਂ ਇਕ ਦਾ ਨਾਉਂ ਯਾਕੂਬ ਅਲੀ, ਅਤੇ ਦੂਸਰੇ ਦਾ ਨਾਉਂ ਪੀਰ ਜਲਾਲਦੀਨ ਸੀ। ਇਹ ਇਸ ਇਲਾਕੇ ਵਿਚ ਬਹੁਤ ਮਸ਼ਹੂਰ ਫਕੀਰ ਹੋ ਗੁਜਰੇ ਹਨ। ਜਿਨ੍ਹਾਂ ਨੂੰ ਆਪਣੀ ਫਕੀਰੀ ਦਾ ਪੂਰਾ ਮਾਣ ਸੀ। ਉਨ੍ਹਾਂ ਦੀ ਯਾਦਗਾਰ ਹੁਣ ਤੀਕ ਮੌਜੂਦ ਹੈ। ਉਸ ਸਮੇਂ ਉਨ੍ਹਾਂ ਪਾਸ ਹੋਰ ਭੀ ਪੀਰ ਫਕੀਰ ਠਹਿਰੇ ਹੋਇ ਸਨ। ਉਨ੍ਹਾਂ ਦੇ ਕੰਨੀ ਜਦੋਂ ਰਬੀ ਬਾਣੀ ਤੇ ਨਿਰੰਕਾਰ ਦੀ ਧੁਨੀ ਦੀ ਮਧੁਰ ਆਵਾਜ਼ ਸੁਣਾਈ ਦਿਤੀ, ਤਾਂ ਉਹ ਪੀਰ ਜਲਾਲਦੀਨ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਬਾਬਾ ਜੀ ਪਾਸ ਆਇਆ। ਉਹ ਬੜੇ ਅਦਬ ਅਤੇ ਸਤਿਕਾਰ ਸਹਿਤ ਸਿਜਦਾ ਕਰ ਕੇ ਬੈਠ ਗਏ। ਇਸ ਤੋਂ ਪਹਿਲਾਂ ਭੀ ਪੀਰ ਜੀ ਬਾਬਾ ਜੀ ਦਾ ਜਸ ਸੁਣ ਚੁਕੇ ਸਨ, ਜੋ ਕਿਸ ਤਰ੍ਹਾਂ ਆਪ ਨੇ ਬੈਰਾਗੀਆਂ ਨੂੰ ਸਿਧੇ ਰਸਤੇ ਪਾਇਆ ਸੀ। ਬਾਬਾ ਜੀ ਦੇ ਰਬੀ ਕੀਰਤਨ ਵਿਚ ਉਹ ਐਸੇ ਮਸਤ ਹੋਇ, ਜੋ ਆਪਣਾ ਆਪ ਹੀ ਭੁਲ ਗਏ। ਇਹ ਭੀ ਪਤਾ ਨਾ ਰਿਹਾ ਕਿ ਕਿਥੇ ਬੈਠ ਰਹੇ ਹਾਂ। ਥੋੜੀ ਦੇਰ ਬਾਦ ਬਾਬਾ ਜੀ ਨੇ ਨੇਤਰ ਖੋਲ੍ਹੇ, ਮੂੰਹੋਂ ਨਿਕਲਿਆ ਧੰਨ ਨਿਰੰਕਾਰ, ਧੰਨ ਨਿਰੰਕਾਰ। ਇਹ ਸੁਣਕੇ ਪੀਰ ਜੀ ਤੇ ਉਨ੍ਹਾਂ ਦੇ ਸਾਥੀਆਂ ਦੇ ਮੂੰਹੋਂ ਭੀ ਬੇਵਸੇ ਨਿਕਲਿਆ ਸੁਭਾਨਅਲਾਹ, ਸੁਭਾਨਅਲਾਹ। ਆਪ ਤਾਂ ਸਚ ਮੁਚ ਅਲਾਹ ਦਾ ਹੀ ਨੂਰ ਹੋ, ਆਪਦਾ ਦੀਦਾਰ ਤਾਂ ਮਾਨੋਂ ਅਲਾਹ ਦਾ ਹੀ ਦੀਦਾਰ ਹੈ। ਥੋੜੀ ਦੇਰ ਤੋਂ ਬਾਦ ਪੀਰ ਜੀ ਸਿਜਦਾ ਕਰ ਕੇ ਬੋਲੇ, "ਆਪ ਤਾਂ ਭੁਲਿਆਂ ਨੂੰ ਰਸਤੇ ਪਾਉਣ ਆਇ ਹੋ, ਕੁਝ ਅਸਾਂ ਤੇ ਭੀ ਮੇਹਰ ਕਰੋ, ਦਸੋ ਜੋ ਮੁਸਲਮਾਨ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਕਿਹੜੇ ਕੰਮ ਕਰਕੇ ਉਸ ਅਲਾਹ ਨੂੰ ਮਿਲ ਸਕਦਾ ਹੈ।"

Digitized by Panjab Digital Library | www.panjabdigilib.org

ਪੀਰ ਜੀ ਦਾ ਬਚਨ ਸੁਣਕੇ ਬਾਬਾ ਜੀ ਨੇ ਇਸਤਰ੍ਹਾਂ ਸ਼ਬਦ ਉਚਾਰਨ ਕੀਤਾ :—

ਮੁਸਲਮਾਨ ਸਿਫਤ ਸ਼ਰੀਅਤ ਪੜ੍ਹ ਪੜ੍ਹ, ਕਰੇ ਬੀਚਾਰ।
ਬੰਦੇ ਸੇ ਜਿ ਪਵੇ ਵਿਚ ਬੰਦੀ ਦੇਖਣ ਕਉ ਦੀਦਾਰ।
(ਆਸਾ ਦੀ ਵਾਰ)

ਫਿਰ ਹੁਕਮ ਕੀਤਾ :—

ਮੁਸਲਮਾਨ ਮੋਮ ਦਿਲ ਹੋਵੇ,
ਅੰਤਰ ਕੀ ਮਲ ਦਿਲ ਤੇ ਧੋਵੇ।
(ਗੁਰਬਾਣੀ)

ਤਵਾਰੀਖ ਗੁਰੂ ਖਾਲਸਾ ਵਿਚ ਭੀ ਲਿਖਿਆ ਹੈ, :—

ਕਲਮਾ ਕਰਮ ਨਿਮਾਜ਼ ਨਿਆਉ ਰੋਜਾ ਰਹਿਨ ਖੁਦਾਇ।
ਹਜ ਹਜੂਰ ਖੁਦਾਇ ਪਿਖ ਜ਼ਿਕਰ ਜਕਾਤ ਕਢਾਇ।
ਪਏ ਕਬੂਲ ਜਕਾਤ ਸੋ ਦੇਵੈ ਆਪ ਕਮਾਇ।
ਛਡੇ ਆਸ ਰਸੂਲ ਦੀ ਸੇਵੈ ਇਕ ਖੁਦਾਇ।
ਨਾਨਕ ਰਖ ਇਮਾਨ ਦ੍ਰਿੜ੍ਹ ਤਾ ਮੁਸਲਮਾਨ ਸਦਾਇ।

ਇਹ ਬਚਨ ਸੁਣ ਕੇ ਪੀਰ ਜੀ ਨੇ ਆਪਣੇ ਸਾਥੀਆਂ ਸਣੇ ਬਾਬਾ ਜੀ ਦੇ ਚਰਨਾਂ ਤੇ ਪ੍ਰੇਮ ਸਹਿਤ ਸਿਜਦਾ ਕੀਤਾ। ਪੀਰ ਜੀ ਨੇ ਕਿਹਾ, "ਸ਼ੁਕਰ ਅਲਾਹ ਦਾ, ਆਪ ਦੀ ਕਲਾਮ ਸੁਣ ਤਨ ਮਨ ਠਰ ਗਿਆ।" ਗੁਰੂ ਜੀ ਦੇ ਦਸੇ ਮਾਰਗ ਤੇ ਚਲਣ ਦਾ ਗੁਰੂ ਜੀ ਨੂੰ ਪੂਰਾ ਯਕੀਨ ਦਿਵਾਇਆ। ਫਿਰ ਬਾਬਾ ਜੀ ਦੀ ਉਸਤਤ ਕਰਦੇ ਹੋਇ ਵਿਦਾ


Digitized by Panjab Digital Library | www.panjabdigilib.org

ਹੱਇ। ਇਹ ਖਬਰ ਸਾਰੇ ਸ਼ਹਿਰ ਵਿਚ ਖਿਲਰ ਗਈ, ਜੋ ਐਸੇ ਮੇਲੇ ਪਰ ਮਿਲੇ ਫਕੀਰ ਭੀ ਬਾਬਾ ਜੀ ਦੀ ਸ਼ਰਨ ਆ ਚੁਕੇ ਹਨ। ਜੋ ਕਦੀ ਭੀ ਕਿਸੇ ਅਗੇ ਨਹੀਂ ਝੁਕੇ ਸਨ। ਸ਼ਹਿਰ ਅਤੇ ਪਿੰਡਾਂ ਵਿਚ ਚਰਚਾ ਹੋਣ ਲਗ ਪਈ। ਬਾਬਾ ਜੀ ਕੋਈ ਪਰਮਾਤਮਾ ਦਾ ਹੀ ਰੂਪ ਹਨ, ਉਹ ਜੋ ਚਾਹੁਣ ਕਰ ਸਕਦੇ ਹਨ। ਉਨ੍ਹਾਂ ਪਾਸ ਚਲਕੇ ਆਪਣਾ ਦੁਖ ਦਸੀਏ, ਤਾਂ ਹੋ ਸਕਦਾ ਹੈ, ਜੋ ਉਹ ਮੇਹਰ ਦੇ ਘਰ ਵਿਚ ਆ ਜਾਣ, ਅਤੇ ਕੋਈ ਠੰਡੇ ਮਿਠੇ ਪਾਣੀ ਦਾ ਪਰਵਾਹ ਬਖਸ਼ਕੇ ਚਲਾ ਦੇਣ, ਤੇ ਸਾਡੇ ਸੁਤੇ ਹੱਇ ਭਾਗ ਫਿਰ ਜਾਗ ਪੈਣ। ਇਹ ਵਿਚਾਰ ਕਰਕੇ ਬਿਦਰ ਸ਼ਹਿਰ ਦੇ ਮੁਖੀ ਸਜਣ ਤੇ ਇਲਾਕੇ ਦੇ ਮਾਈ ਭਾਈ ਨੇ ਮਿਲਕੇ ਬਾਬਾ ਜੀ ਦੇ ਚਰਨਾਂ ਪਰ ਆ ਮਥਾ ਟੇਕਿਆ। ਉਹ ਲਗੇ ਬੇਨਤੀਆਂ ਤੇ ਅਰਜੋਈਆਂ ਕਰਨ। ਬਾਬਾ ਜੀ, ਜੋ ਆਪਣੇ ਧਿਆਨ ਵਿਚ ਮਸਤ ਬੈਠੇ ਸਨ, ਨੇ ਨੇਤਰ ਖੋਲ੍ਹ ਕੇ ਉਨ੍ਹਾਂ ਨੂੰ ਪੁਛਿਆ, ? "ਕਿਉਂ ਭਾਈ ਤੁਸੀਂ ਇਤਨੇ ਕਿਉਂ ਵਿਆਕੁਲ ਹੋ ਰਹੇ ਹੋ ?" ਸ਼ਹਿਰ ਦੇ ਮੁਖੀਰਾਂ ਨੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ, "ਮਹਾਰਾਜ ਜੀ, ਕੀ ਦਸੀਏ ! ਆਪ ਤਾਂ ਜਾਣੀ ਜਾਣ ਹੋ, ਆਪ ਜੀ ਨੂੰ ਤਾਂ ਪਤਾ ਹੀ ਹੈ, ਜੋ ਇਸ ਇਲਾਕੇ ਵਿਚ ਪਾਣੀ ਦੀ ਕਿਤਨੀ ਤਕਲੀਫ ਹੈ।" ਆਪ ਜੀ ਦਾ ਕਥਨ ਹੈ:—

## ਪਹਿਲਾਂ ਪਾਣੀ ਜੀਉ ਹੈ ਜਿਤ ਰਹਿਆ ਸਭ ਕੋਇ !

ਪਾਣੀ ਤੋਂ ਬਿਨਾਂ ਤਾਂ ਖੇਤੀਆਂ ਭੀ ਸੁਕ ਜਾਂਦੀਆਂ ਹਨ, ਪਰ ਏਥੇ ਤਾਂ ਬੰਦਿਆਂ ਨੂੰ ਭੀ ਪਾਣੀ ਪੀਣ ਲਈ ਵੀ ਨਹੀਂ ਮਿਲਦਾ। ਕੁਝ ਕੁ ਖੂਹ (ਬਉੜੇ) ਖੁਦਵਾਏ ਗਏ ਸਨ, ਜੋ ਪਹਾੜੀ ਜਮੀਨ ਹੋਣ ਕਰਕੇ ੬੦, ੭੦ ਫੁਟ ਡੂੰਘੇ ਹਨ, ਪਰ ਸਾਡੀ ਬਦਕਿਸਮਤੀ ਉਨ੍ਹਾਂ ਵਿਚੋਂ ਭੀ ਖਾਰਾ ਪਾਣੀ ਨਿਕਲਿਆ ਹੈ। ਏਸ ਦੁਖ ਦਾ ਕਾਰਨ, ਬਾਹਰ ਦੇ ਪਿੰਡਾਂ ਤੇ ਸ਼ਹਿਰਾਂ ਦੀਆਂ ਲੜਕੀਆਂ ਦੇ ਰਿਸਤੇ ਭੀ ਏਥੇ

Digitized by Panjab Digital Library | www.panjabdigilib.org



ਗੁਰਦੁਆਰਾ ਸਾਹਿਬ ਨਾਨਕ ਝੀਰਾ ਬਿੱਦਰ(ਦਖਣ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਦੇਣ ਨੂੰ ਕੋਈ ਰਾਜ਼ੀ ਨਹੀਂ, ਲੋਕੀ ਕਹਿੰਦੇ ਹਨ, ਜੇ ਸਾਡੀ ਲੜਕੀ ਬਿਦਰ ਗਈ ਤਾਂ ਸਾਰਾ ਦਿਨ ਪਾਣੀ ਖਿਚਦੀ ਮਰ ਜਾਏਗੀ। ਇਸ ਲਈ ਕਿਰਪਾ ਕਰੋ, ਮੇਹਰ ਕਰੋ; ਬਾਬਾ ਜੀ ਆਪ ਸਮਰਥ ਹੋ, ਅਸਾਂ ਗਰੀਬਾਂ ਤੇ ਤਰਸ ਕਰੋ, ਆਪ ਨੂੰ ਤਾਂ ਨਿਰੰਕਾਰ ਨੇ ਦੁਖੀਆਂ ਦੇ ਦੁਖ ਦੂਰ ਕਰਨ ਲਈ ਹੀ ਭੇਜਿਆ ਹੈ। ਵੇਖੋ! ਸਭ ਮਾਈ ਭਾਈ ਆਪ ਦੇ ਚਰਨਾਂ ਤੇ ਢਠੇ ਪਏ ਹਨ। ਕਰੋ ਮੇਹਰ ਦੀ ਨਜ਼ਰ ਤੇ ਕੋਈ ਮਿਠੇ ਜਲ ਦਾ ਪਰਵਾਹ ਬਖਸ਼ੋ। ਆਪ ਤੋਂ ਬਿਨਾਂ ਸਾਡਾ ਹੋਰ ਕੋਈ ਆਸਰਾ ਨਹੀਂ, ਆਪ ਹੀ ਨਿਰੰਕਾਰ ਦੇ ਭੇਜੇ ਆਏ ਹੋ। ਇਨ੍ਹਾਂ ਦੁਖੀਆਂ ਦਾ ਦੁਖ ਵੇਖਕੇ ਮਰਦਾਨੇ ਪਾਸੋਂ ਭੀ ਨਾ ਰਿਹਾ ਗਿਆ। ਥੋੜੀ ਦੇਰ ਤੋਂ ਬਾਦ ਮਰਦਾਨੇ ਨੇ ਭੀ ਬੜੀ ਅਧੀਨਗੀ ਨਾਲ ਬੇਨਤੀ ਕੀਤੀ, "ਬਾਬਾ ਜੀ,! ਜਦੋਂ ਦਾ ਮੈਂ ਇਸ ਇਲਾਕੇ ਵਿਚ ਆਇਆ ਹਾਂ, ਮਿਠਾ ਪਾਣੀ ਤਾਂ ਕਿਤੇ ਵੇਖਣ ਨੂੰ ਵੀ ਨਹੀਂ ਮਿਲਿਆ। ਵੇਖੋ ਮਹਾਰਾਜ! ਕਿਤਨੇ ਦੁਖੀ ਹੋਇ ਆਪਦੇ ਚਰਨਾਂ ਤੇ ਆ ਢਠੇ ਹਨ। ਆਪ ਨੂੰ ਨਿਰੰਕਾਰ ਨੇ ਇਸੇ ਕੰਮ ਲਈ ਤਾਂ ਭੇਜਿਆ ਹੈ।" ਸਭ ਦੀ ਐਸੀ ਦਸ਼ਾ ਵੇਖਕੇ ਬਾਬਾ ਜੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਕ ਦਮ ਉਠੇ, ਤੇ ਪੈਰਾਂ ਵਿਚ ਜੋ ਉਸ ਸਮੇਂ ਖੜਾਵਾਂ ਪਾਈਆਂ ਹੋਈਆਂ ਸਨ, ਇਕ ਖੜਾਉਂ ਨੂੰ ਸਾਹਮਣੇ ਟਿਲੇ ਨਾਲ ਛੁਆ ਦਿਤਾ। ਬਸ ਛੁਆਉਣ ਦੀ ਦੇਰ ਸੀ, ਉਸੇ ਸਮੇਂ ਉਸ ਟਿਲੇ ਵਿਚੋਂ ਇਕ ਜ਼ੋਰ ਨਾਲ ਪਾਣੀ ਦੀ ਧਾਰਾ ਵਗ ਤੁਰੀ, ਜੋ ਅਜ ਤੀਕ ਇਕ ਰਸ ਵਗ ਰਹੀ ਹੈ। ਇਹ ਕੌਤਕ ਵੇਖ ਕੇ ਸਾਰੀ ਜਨਤਾ ਨੇ ਬਾਬਾ ਜੀ ਦੇ ਚਰਨਾਂ ਤੇ ਮਥਾ ਟੇਕਿਆ। ਉਸ ਅਕਾਲ ਪੁਰਖ ਵਾਹਿਗੁਰੂ ਦਾ ਕੋਟਾਨ ਕੋਟ ਧੰਨਵਾਦ ਕੀਤਾ। ਇਹ ਖਬਰ ਦੂਰ ਤੀਕ ਫੈਲ ਗਈ। ਦੂਰ ਦੂਰ ਤੋਂ ਮਾਈ ਭਾਈ ਮਿਲਕੇ ਆਉਣ ਲਗੇ। ਰਾਤ ਦਿਨ ਇਕ ਮੇਲਾ ਹੀ ਲਗ ਗਿਆ। ਬਾਬਾ ਜੀ ਇਹ ਕੌਤਕ ਕਰਕੇ ਮਦਰਾਸ ਤੋਂ ਅਗੇ ਰਾਮੇਸ਼ਵਰ ਨੂੰ ਚਾਲੇ ਪਾ ਦਿਤੇ। ਇਹ ਸੁੰਦਰ ਅਸਥਾਨ ਨਾਨਕ ਝੀਰਾ ਕਰਕੇ ਮਸ਼ਹੂਰ ਹੋਇਆ। ਇਹ ਅਸਥਾਨ

Digitized by Panjab Digital Library | www.panjabdigilib.org

ਆਪਣੀ ਮਿਸਾਲ ਆਪ ਰਖਦਾ ਹੈ। ਏਥੋਂ ਜਨਵਾੜਾ ਤਕਰੀਬਨ ਛੇ ਮੀਲ ਦੇ ਫਾਸਲੇ ਪਰ ਹੈ, ਉਥੇ ਉਦਾਸੀ ਸਾਧੂ ਰਹਿੰਦੇ ਸਨ। ਬਿਦਰ ਸ਼ਹਿਰ ਵਿਚ ਸਿਖਾਂ ਦੀ ਇਕ ਰਜਮਟ ਘੈਨੀ ਪਲਟਨ ਰਹਿੰਦੀ ਸੀ। ਜਿਸਨੇ ਇਥੋਂ ਦੀ ਸੇਵਾ ਉਦਾਸੀ ਸਾਧੂਆਂ ਪਾਸੋਂ ਆਪਣੇ ਹਥ ਵਿਚ ਲੈ ਲਈ ਸੀ। ਆਮ ਲੋਕੀ ਤੀਰੇ ਵਿਚੋਂ ਪਾਣੀ ਸ਼ਹਿਰ ਲੈ ਜਾਇਆ ਕਰਦੇ ਸਨ। ਇਸਤਰ੍ਹਾਂ ਦੀ ਬੇਅਦਬੀ ਵੇਖਕੇ ਸਿਖਾਂ ਨੇ ਰੋਕ ਟੋਕ ਸ਼ੁਰੂ ਕਰ ਦਿਤੀ। ਜਿਸ ਨਾਲ ਆਪਸ ਵਿਚ ਮੁਖਾਲਫਤ ਵ੍ਧ ਗਈ, ਅਤੇ ਉਸ ਸਮੇਂ ਵਕਤ ਦੇ ਮੁਕਾਮੀ ਔਹਦੇਦਾਰਾਂ ਨੇ ਆਪਣੀ ਹੱਕੂਮਤ ਨੂੰ ਵਰਤੋਂ ਵਿਚ ਲਿਆ ਕੇ ਸਿਖਾਂ ਦੀ ਰਜ਼ਮੈਂਟ ਦਾ ਤਬਾਦਲਾ ਕਰਾ ਦਿਤਾ। ਸਿਖ ਜੋ ਉਸ ਸਮੇਂ ਗੌਰਮਿੰਟ ਦੇ ਮੁਲਾਜ਼ਮ ਸਨ, ਉਨ੍ਹਾਂ ਨੂੰ ਤਬਾਲਦੇ ਦੀ ਵਜ੍ਹਾ ਨਾਲ ਇਥੋਂ ਜਾਣਾ ਪਿਆ। ਇਸ ਮਗਰੋਂ ਮੁਖਾਲਿਫ ਪਾਰਟੀ ਦੇ ਲੋਗਾਂ ਨੇ ਝੀਰਾ ਸਾਹਿਬ ਦੇ ਪਾਣੀ ਨੂੰ ਵਰਤੋਂ ਵਿਚ ਲੈ ਆਂਦਾ। ਕੁਝ ਸਮੇਂ ਬਾਦ ਨਾਨਕ ਝੀਰਾ ਸਾਹਿਬ ਦੇ ਨਾਮ ਨੂੰ ਬਦਲਕੇ ਚਸ਼ਮੇ ਸਾਹਦਾਦ ਦੇ ਨਾਮ ਨਾਲ ਮਸ਼ਹੂਰ ਕਰਨ ਲਗ ਪਏ, ਇਹ ਦੇਖ ਕੇ ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਲੋਂ ਗੌਰਮਿੰਟ ਨੂੰ ਪ੍ਰੋਟੈਸਟ ਭੇਜਿਆ ਗਿਆ, ਅਤੇ ਕਾਰਵਾਈ ਚਲਦੀ ਰਹੀ। ਸਿਖ ਸੰਗਤ ਦਰਸ਼ਨਾਂ ਨੂੰ ਆਉਂਦੀ ਸੀ। ਦੂਰ ਦੇ ਪਿੰਡਾਂ ਵਿਚ ਠਹਿਰ ਕੇ ਰਾਤ ਦੇ ਵੇਲੇ ਚੋਰੀ ਛਪੀ ਆ ਕੇ ਝੀਰਾ ਸਾਹਿਬ ਦੇ ਦਰਸ਼ਨ ਤੇ ਇਸ਼ਨਾਨ ਕਰਦੇ ਸਨ। ਆਮ ਤੌਰ ਤੇ ਇਸ ਜਗਾ ਤੇ ਹਿੰਦੂ ਜਾਂ ਸਿੱਖ ਨਹੀਂ ਆ ਸਕਦੇ ਸਨ। ਕੁਝ ਚਿਰ ਬਾਦ ਜਦ ਕੇ ਸੰਨ ੧੯੪੮ ਵਿਚ ਪੁਲੀਸ ਐਕਸਨ ਹੋਇਆ ਤਾਂ ਉਸ ਸਮੇਂ ਖਾਲਸਾ ਜੀ ਨੇ ਮੁੜ ਆਪਣੇ ਅਸਥਾਨ ਸ੍ਰੀ ਨਾਨਕ ਝੀਰਾ ਸਾਹਿਬ ਦੀ ਸੰਭਾਲ ਕੀਤੀ। ਆਖਿਰਕਾਰ ਮੁਖਾਲਫ ਪਾਰਟੀ ਨੇ ਅਦਾਲਤ ਵਿਚ ਦਾਹਵਾ ਦਾਇਰ ਕਰ ਦਿਤਾ, ਜਿਸਦਾ ਫੈਸਲਾ ਦੋ ਸਾਲ ਮਗਰੋਂ ਸਿਖਾਂ ਦੇ ਹਕ ਵਿਚ ਹੋਇਆ, ਇਸ ਦੀ ਅਪੀਲ ਹਾਈਕੋਰਟ ਵਿਚੋਂ ਭੀ ਖਾਰਿਜ ਹੋ ਚੁਕੀ ਹੈ।

Digitized by Panjab Digital Library | www.panjabdigilib.org

੧੯੪੮ ਤੋਂ ਕਮੇਟੀ ਆਪਣਾ ਕੰਮ ਲਗਾਤਾਰ ਕਰ ਰਹੀ ਹੈ। ਸੰਗਤਾਂ ਦੂਰ ਦੂਰ ਤੋਂ ਆਉਂਦੀਆਂ ਹਨ, ਅਤੇ ਦਰਸ਼ਨ ਇਸ਼ਨਾਨ ਕਰਕੇ ਲਾਭ ਉਠਾਉਂਦੀਆਂ ਹਨ। ਸਭ ਮਾਈ ਭਾਈ ਦੇ ਮੂੰਹੋਂ ਇਹੋ ਨਿਕਲਦਾ ਹੈ, ਧਨ ਗੁਰੂ ਨਾਨਕ, ਧਨ ਗੁਰੂ ਨਾਨਕ। ਇਹ ਅਸਥਾਨ ਤਾਂ ਸਚ ਮੁਚ ਦੂਸਰਾ ਸ੍ਰੀ ਪੰਜਾ ਸਾਹਿਬ ਹੀ ਹੈ। ਇਸ ਦਾ ਜਲ ਭੀ ਇਤਨਾ ਸੁਆਦਿਸ਼ਟ ਤੇ ਗੁਣਕਾਰੀ ਹੈ, ਜਿਸਦੀ ਮਹਿਮਾਂ ਡਾਕਟਰ ਲੋਕ ਭੀ ਕਰਦੇ ਹਨ। ਇਹ ਅੰਮ੍ਰਿਤ ਸਮਾਨ ਜਲ ਕਈ ਬੀਮਾਰੀਆਂ ਨੂੰ ਠੀਕ ਕਰਦਾ ਹੈ। ਇਸ ਸਲਫੇਟ ਯਾਨੀ ਗੰਧਕ ਦੀ ਖੁਸ਼ਬੂ ਭੀ ਆਉਂਦੀ ਹੈ। ਇਸ ਜਲ ਵਿਚ ਹੋਰ ਬਹੁਤ ਸਾਰੇ ਐਸੇ ਗੁਣ ਹਨ, ਜੋ ਤਪਦਿਕ ਜੇਹੀ ਖਤਰਨਾਕ ਬਿਮਾਰੀ ਨੂੰ ਭੀ ਰਾਜੀ ਕਰਨ ਦੀ ਸ਼ਕਤੀ ਰਖਦਾ ਹੈ। ਇਹ ਜਲ ਫੋੜਾ. ਫਿੰਨਸੀ ਤੇ ਚਰਮ ਰੋਗੀ ਬੀਮਾਰਾਂ ਨੂੰ ਤੰਦਰੁਸਤੀ ਬਖਸ਼ਦਾ ਹੈ। ਕਈ ਬੀਮਾਰ ਇਸ ਜਲ ਨੂੰ ਛਕ ਕੇ ਤੇ ਇਸ਼ਨਾਨ ਕਰਕੇ ਰਾਜੀ ਹੁੰਦੇ ਦੇਖੇ ਗਏ ਹਨ।

ਇਸ ਝੀਰਾ ਸਾਹਿਬ ਨਾਲ ਕੁਝ ਜ਼ਮੀਨ ਹੈ, ਜਿਸ ਵਿਚੋਂ ਤਕਰੀਬਨ ਪੰਜ ਛੇ ਏਕੜ ਦੇ ਟੁਕੜੇ ਦੀ ਸਿੰਚਾਈ ਹੁੰਦੀ ਹੈ, ਹੋਰ ਕੋਈ ਖਾਸ ਆਮਦਨ ਦਾ ਜ਼ਰੀਆ ਨਹੀਂ ਹੈ। ਇਸ ਸਮੇਂ ਗੁਰਦੁਆਰਾ ਸਾਹਿਬ ਮਾਮੂਲੀ ਇਮਾਰਤ ਦੀ ਸ਼ਕਲ ਵਿਚ ਹੈ। ਕਮੇਟੀ ਦਾ ਦਾ ਖਿਆਲ ਹੈ, ਜੋ ਇਹ ਅਸਥਾਨ ਸ੍ਰੀ ਪੰਜਾ ਸਾਹਿਬ ਦੀ ਤਰ੍ਹਾਂ ਰਮਣੀਕ ਤੇ ਸੁੰਦਰ ਹਰ ਮੰਦਰ ਤੇ ਸਰੋਵਰ ਵਾਲਾ ਬਣੇ ਕਿਉਂਕਿ ਸ੍ਰੀ ਪੰਜਾ ਸਾਹਿਬ ਤਾਂ ਹੁਣ ਪਾਕਿਸਤਾਨ ਵਿਚ ਰਹਿ ਗਿਆ ਹੈ, ਉਸਦੇ ਖੁਲ੍ਹੇ ਦਰਸ਼ਨ ਤਾਂ ਅਜੇ ਹੋ ਹੀ ਨਹੀਂ ਸਕਦੇ। ਇਸ ਸਮੇਂ ਏਸੇ ਅਸਥਾਨ ਨੂੰ ਹੀ ਸ੍ਰੀ ਪੰਜਾ ਸਾਹਿਬ ਸਮ ਤਕੋ ਅਤੇ ਇਸ ਪਾਸੇ ਪੂਰਾ ਧਿਆਨ ਦਿਉ। ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ, ਜੇ ਗੁਰੂ ਪੰਥ ਤੇ ਗੁਰੂ ਸੰਗਤਾਂ ਇਸ ਪਾਸੇ ਪੂਰਾ ਧਿਆਨ ਦੇਵੇ, ਅਤੇ ਕਮੇਟੀ ਨਾਲ ਹੱਥ

Digitized by Panjab Digital Library | www.panjabdigilib.org

ਵਟਾਕੇ ਵਧ ਚੜ ਤਨ ਮਨ ਤੇ ਧਨ ਨਾਲ ਸੇਵਾ ਕਰਨ, ਅਤੇ ਗੁਰੂ ਬਾਬੇ ਦੀ ਖੁਸ਼ੀਆਂ ਪਰਾਪਤ ਕਰਨ ।

ਹਰੀ ਮੰਦਰ ਸਾਹਿਬ ਦੀ ਨੀਂਹ ਰਖੀ ਜਾ ਚੁਕੀ ਹੈ ਅਤੇ ਸਰੋਵਰ ਸਾਹਿਬ ਦੀ ਸੇਵਾ ਭੀ ਜਾਰੀ ਹੈ, ਰਿਹਾਇਸ਼ ਲਈ ਕੁਝ ਕਮਰੇ ਭੀ ਸੰਗਤਾਂ ਵਲੋਂ ਬਣੇ ਹਨ । ਲੰਗਰ ਭੀ ਦਿਤਾ ਜਾਂਦਾ ਹੈ । ਹਰ ਸਾਲ ਸਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਚੌਕੀ ਤੇ ਨਿਸ਼ਾਨ ਸਾਹਿਬ ਆਉਂਦੇ ਹਨ । ਸ੍ਰੀ ਅਖੰਡ ਪਾਠ ਰਖੇ ਜਾਂਦੇ ਹਨ । ਜਲੂਸ ਨਿਕਲਦਾ ਹੈ । ਤਕਰੀਬਨ ਇਕ ਹਫਤੇ ਤੀਕ ਬੜੀ ਰੌਣਕ ਲਗੀ ਰਹਿੰਦੀ ਹੈ। ਹਜਾਰਾਂ ਦੀ ਗਿਣਤੀ ਵਿਚ ਸੰਗਤਾਂ ਪੁਜਦੀਆਂ ਹਨ, ਗੁਰੂ ਦਾ ਅਤੁਟ ਲੰਗਰ ਵਰਤਦਾ ਹੈ। ਸੇਵਾਦਾਰ ਸੇਵਾ ਕਰਨ ਵਾਲੇ ਕਮਰ ਕਸੇ ਕਰਕੇ ਤਿਆਰ ਰਹਿੰਦੇ ਹਨ। ਇਥੋਂ ਸਟੇਸ਼ਨ ਤਕਰੀਬਨ ਇਕ ਮੀਲ ਦੀ ਵਿਥ ਤੇ ਹੈ ਅਤੇ ਬਸ ਭੀ ਏਥੇ ਰੁਕਦੀ ਹੈ । ਸਵਾਰੀ ਲਈ ਯਾਤਰੂ ਨੂੰ ਕਿਸੇ ਕਿਸਮ ਦੀ ਤਕਲੀਫ ਨਹੀਂ ਹੁੰਦੀ । ਇਸ ਲਈ ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਜੋ ਹਰ ਸਾਲ ਮਹਾਰਾਜ ਦੇ ਜਨਮ ਦਿਨ ਕਤਕ ਪੂਰਨਮਾਸੀ ਤੇ ਦਰਸ਼ਨ ਦੇ ਕੇ ਅਤੇ ਸੇਵਾ ਕਰ ਕੇ ਲਾਭ ਉਠਾਓ ।

Digitized by Panjab Digital Library | www.panjabdigilib.org

ਤ
ਸ
ਵੀ
ਰ



## ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਦੇ ਸਾਹਮਣੇ ਖਲੋ ਕੇ !

ਸ੍ਰ: ਰਾਮ ਨਰਾਇਣ ਸਿੰਘ ਜੀ 'ਦਰਦੀ' ਲੁਧਿਆਣਾ।

ਮੇਰਾ ਇਸ਼ਕ ਅਨੋਖਾ,
ਮੇਰਾ ਯਾਰ ਨਿਰਾਲਾ।
ਮੇਰੀ ਅੰਦਰੋਂ ਰੰਗਣ,
ਨਹੀਂ ਲੋਕ ਵਿਖਾਲਾ।
ਮੇਰਾ ਇਸ਼ਕ ਰੰਗੀਲਾ,
ਮੇਰਾ ਯਾਰ ਲਿਲਾਰੀ।
ਮੈਂ ਨੈਣਾਂ ਦਾ ਫਟਿਆ,
ਉਹ ਦਿਲ ਦਾ ਵਪਾਰੀ।

Digitized by Panjab Digital Library | www.panjabdigilib.org

ਮੈਂ ਨਿਰਾ ਕਮਲਾ ਨਹੀਂ,
ਦੁਨੀਆਂ ਬੌਰਾਨੀ ਹੋ ਗਈ।
ਕਾਲੂ ਦੀ ਲਾਡੀ ਨਾਨਕੀ ਵੀ,
ਦੇਖੀ ਦੀਵਾਨੀ ਹੋ ਗਈ।

ਵੇ ਨਾਗ ਆਸ਼ਕ ਹੋ ਗਏ,
ਤੇ ਸ਼ੇਰ ਚਰਨੀ ਢਹਿ ਪਏ।
ਪਰਬਤ ਦਾ ਸੀਨਾ ਪਾੜ ਕੇ,
ਦਸ਼ਮੇਂ ਦੇ ਵਾਂਗਰ ਵਹਿ ਪਏ।

ਸੁੱਤੇ ਹੋਏ ਬੁਤ ਬੁਤਖਾਨਿਆਂ ਵਿਚ,
ਬੁਤ ਬੋਲਣ ਲੱਗ ਪਏ।
ਦੁਨੀਆਂ ਦੇ ਜ਼ਰੇ ਰੇਤ ਦੇ ਭੀ,
ਰਬ ਟੋਲਣ ਲਗ ਪਏ।

ਲਾਲੋ ਤੇ ਸ਼ਿਵਨਾਭ ਕੀ,
ਸਾਰੀ ਖੁਦਾਈ ਭੁਲ ਗਈ।
ਤੇਰੀ ਗਲੀ ਦੀ ਖਾਕ ਵਿਚ,
ਸ਼ਾਹੀ ਰਾਇ ਦੀ ਰੁਲ ਗਈ।

"ਗੋਯਾ" ਜਿਹੇ ਸ਼ਾਇਰ ਕਈ,
ਚਾਕਰ ਤੇਰੇ ਦਰਬਾਰ ਦੇ।
ਤੇਰੀ ਜ਼ੁਲਫ ਦੀ ਤਾਰ ਤੋਂ,
ਦੋ ਲੋਕ ਪਏ ਨੇ ਵਾਰ ਦੇ।

ਆਸ਼ਕ ਹੈ ਦੁਨੀਆਂ ਸਭ ਬਣੀ,
ਮਹਿਬੂਬ ਇਕ ਹਜ਼ੂਰ ਏਂ।
ਤਾਹੀਉਂ ਹੀ ਦਰਸ਼ਨ ਦੇਣ ਤੋਂ ਤੂੰ,
ਦਾਤਿਆ ਮਜ਼ਬੂਰ ਏਂ।

Digitized by Panjab Digital Library | www.panjabdigilib.org

ਦਰ ਤੇ ਖਲੋਤਾ ਹਾਂ ਭਿਖਾਰੀ,
ਜਾਚਕ ਤੇਰੇ ਦੀਦਾਰ ਦਾ ।
ਲੱਖਾਂ ਨੇ ਭਾਵੇਂ ਦਾਗ ਮੂੰਹ ਤੇ,
ਕੂਕਰ ਤੇ ਹਾਂ ਦਰਬਾਰ ਦਾ ।

ਫਿਲਮ ਬਣ ਬਣ ਸਾਮ੍ਹਣੇ,
ਉਹ ਪਾਪ ਪਏ ਨੇ ਬੋਲ ਦੇ ।
ਦਿਸਦੇ ਜਮਦੂਤ ਪਏ ਨੇ,
ਪਾਪ ਮੇਰੇ ਤੋਲਦੇ ।

ਕੰਨਾਂ ਚਿ ਆਉਂਦੀ ਵਾਜ ਏ,
ਕਿ ਪਾਜ ਖੋਲ੍ਹੇ ਜਾਣ ਗੇ ।
ਔਗਣ ਤੇਰੀ ਗਠੜੀ ਦੇ,
ਸਾਰੇ ਤੋਲੇ ਜਾਣ ਗੇ ।

ਖੂਨ ਖੁਸ਼ਕ ਹੋਂਵਦਾ,
ਕੀ ਮਿਲਨਾ ਅਜ਼ਾਬ ਏ ।
ਚਰਨ ਤੇਰੇ ਪਕੜ ਲਏ ਨੇ,
ਫੇਰ ਵੀ ਹਿਸਾਬ ਏ ।

ਸੁਣਿਆ ਤੂੰ ਵਾਂਗਰ ਬਾਣੀਆਂ ਦੇ,
ਹੱਟੀ ਚਲਾਉਂਦਾ ਰਿਹਾ ਏਂ ।
ਲੇਖੇ ਦੀ ਚੰਗੀ ਜਾਚ ਏਂ,
ਗਿਣਦਾ ਗਿਣਾਉਂਦਾ ਰਿਹਾ ਏਂ ।

(ਪਰ) ਆਖਰ ਦੇ ਵਿਚ ਸ਼ਹਿਨ ਸ਼ਾਹ ਏ,
ਗਿਣਤੀਆਂ ਨੂੰ ਧਾੜ ਦੇ ।
ਘਾਟਾ ਕੋਈ ਏਡਾ ਪੈਣਾ ਨਹੀਂ ਤੈਨੂੰ,
ਮੇਰਾ ਇਹ ਕਾਗਜ ਪਾੜ ਦੇ ।

Digitized by Panjab Digital Library | www.panjabdigilib.org

ਸੁਣਿਆਂ ਕਿ ਪੰਧ ਪਿਆਰਾਂ ਦੇ,
ਕਦੇ ਮਿਣੇ ਨਹੀਂ ਜਾਂਦੇ।
ਤੇ ਇਸ਼ਕ ਵਿਚ ਲੇਖੇ ਪਾਤਸ਼ਾਹ,
ਕਦੇ ਮਿਣੇ ਨਹੀਂ ਜਾਂਦੇ।

ਸੋਜ਼ ਬਾਝੋਂ ਦੁਨੀਆਂ ਦੇ ਵਿਚ,
ਕਦੇ ਗਾਇਆ ਨਹੀਂ ਜਾਂਦਾ।
ਦਰਦ ਬਾਝੋਂ ਕਦੇ ਰੋ ਕੇ,
ਦਿਖਾਇਆ ਨਹੀਂ ਜਾਂਦਾ।

ਦਿਲ ਦੇ ਬਿਨਾਂ ਦਿਲਬਰ,
ਕਦੇ ਪਾਇਆ ਨਹੀਂ ਜਾਂਦਾ।
ਰਹਿਮਤੇ ਮੁਰਸ਼ਦ ਬਿਨ੍ਹਾਂ,
ਵਰਸਾਇਆ ਨਹੀਂ ਜਾਂਦਾ।

ਇਕ ਮਟਕਾ ਦੇਂ ਜੇ ਏਧਰ,
ਬਾਕੀ ਕੋਈ ਫਿਰ ਥੋੜ ਨਹੀਂ।
ਦੁਨੀਆਂ ਦੀ ਦੌਲਤ ਰਹੀ ਕਿਨਾਰੇ,
ਸਵਰੱਗ ਦੀ ਵੀ ਲੋੜ ਨਹੀਂ।

ਤੇਰੀ ਮੁਹੱਬਤ ਦੇ ਲਈ,
ਕੀ ਭੇਸ ਮੈਂ ਨਹੀਂ ਬਦਲਿਆ।
ਕੀ ਨਾਮ ਨਹੀਂ ਮੈਂ ਬਦਲਿਆ,
ਜਾਂ ਭੇਸ ਨਹੀਂ ਮੈਂ ਬਦਲਿਆ।

ਕੀ ਜਾਗਣਾ ਨਹੀਂ ਬਦਲਿਆ,
ਜਾਂ ਸੋਣਾ ਨਹੀਂ ਬਦਲਿਆ।
ਦਸ ਹਸਨਾ ਨਹੀਂ ਬਦਲਿਆ,
ਯਾ ਰੋਣਾ ਨਹੀਂ ਬਦਲਿਆ

Digitized by Panjab Digital Library | www.panjabdigilib.org

ਤੇਰੇ ਲਈ ਜੋ ਬਦਲਨਾ ਸੀ,
ਸਾਰੇ ਦਾ ਸਾਰਾ ਬਦਲਿਆ।
ਮੈਂ ਮੰਜ਼ਲ ਤੇ ਮਕਸਦ ਬਦਲਿਆ,
ਤੇ ਅੰਦਰੋਂ ਇਸ਼ਾਰਾ ਬਦਲਿਆ।

ਜੇ ਮੰਨ ਨਹੀਂ ਏ ਬਦਲਿਆ,
ਤਾਂ ਮੇਰਾ ਭਲਾ ਕੀ ਦੋਸ਼ ਹੈ।
ਬਦਲਨਾ ਤੂੰ ਆਪ ਸੀ,
ਤੂੰ ਆਪ ਹੀ ਖਾਮੋਸ਼ ਹੈ।

ਬਦਲ ਦੇਹਿ ਦੱਸ ਕਿਸ ਨੂੰ ਆਖਾਂ,
ਤੇਰੇ ਬਿਨਾਂ ਕੋਈ ਥਾਂ ਨਹੀਂ।
ਤਰਲੇ ਹਾਂ ਕਿੰਨੇ ਕਰ ਰਿਹਾ,
ਪਰ ਇਕ ਵਾਰੀ ਹਾਂ ਨਹੀਂ।

ਮੰਨਦਾ ਹਾਂ ਪਾਪ ਤੱਕ ਕੇ;
ਮਨ ਤੇਰਾ ਮਜਬੂਰ ਏ।
ਪਰ ਢਠਿਆਂ ਨੂੰ ਚੁਕਨਾਂ ਨਾ,
ਇਹ ਕੋਈ ਦਸਤੂਰ ਏ।

ਜੇ ਸਿਰ ਝੁਕਾਵਾਂ ਹੋਰ ਨੂੰ,
ਤਾਂ ਤਾੜ ਬੇ ਸ਼ਕ ਦਾਤਿਆ।
ਜੇ ਇਸ਼ਟ ਆਖਾਂ ਹੋਰ ਨੂੰ,
ਫਿਟਕਾਰ ਬੇਸ਼ਕ ਦਾਤਿਆ।

ਜੇ ਹੱਥ ਅੱਡਾ ਗੋਰ ਅੱਗੇ;
ਕਹੀਂ ਤੂੰ ਇਨਸਾਨ ਨਹੀਂ।
ਪਰ ਜੇ ਤੂੰ ਵੀ ਨਾ ਪੁਛੇ ਪਾਤਸ਼ਾਹ,
ਕੀ ਤੂੰ ਮੇਰਾ ਭਗਵਾਨ ਨਹੀਂ?

Digitized by Panjab Digital Library | www.panjabdigilib.org

ਦਾਤਾਂ ਨੇ ਉਹ ਤੂੰ ਦਿਤੀਆਂ,
ਤੈਨੂੰ ਤੇ ਮੈਨੂੰ ਭੁਲ ਨਹੀਂ ।
ਦੋ ਹੀਰੇ ਐਸੇ ਦਿੱਤੇ ਨੇ,
ਕਿ ਜਿਨ੍ਹਾਂ ਦਾ ਕੋਈ ਮੁਲ ਨਹੀਂ ।

ਜਾ ਚਮਕਦੇ ਨੇ ਗਲੇ ਨੂੰ,
ਤਾਂ ਛਿੜਦਾ ਦਿਲ ਦਾ ਸਾਜ਼ ਏ ।
ਤੇ ਲਖ ਵਾਚੋਂ ਸੁਕਰ ਦੀ,
ਕੋਈ ਨਿਕਲ ਦੀ ਆਵਾਜ਼ ਏ ।

ਦਾਤਾਂ ਨੇ 'ਦਰਦੀ' ਦਿਤੀਆਂ ਜਿਉਂ,
ਹੋਰ ਭੀ ਤੂੰ ਦਾਤ ਦੇ ।
ਭਿੰਨੀ ਹੋਈ ਰਾਤ ਸਮੇਂ,
ਨੂਰੀ ਇਕ ਝਾਤ ਦੇ ।

----

§ ਪੰਜਾਬੀ ਬੋਲੋ ।

§ ਪੰਜਾਬੀ ਪੜ੍ਹੋ ।

§ ਪੰਜਾਬੀ ਲਿਖੋ ।

Digitized by Panjab Digital Library | www.panjabdigilib.org

# ਚੜ੍ਹਿਆ ਸੋਧਣ ਧਰਤਿ ਲੁਕਾਈ

ਗਿਆਨੀ ਰਣਜੀਤ ਸਿੰਘ ਜੀ "ਖੁਸ਼ਦਿਲ" ਹੈਡ ਗ੍ਰੰਥੀ,
ਗੁਰਦਵਾਰਾ ਬੰਗਲਾ ਸਾਹਿਬ ਜੀ, ਨਵੀਂ ਦਿਲੀ।

ਸਤਜੁਗਿ ਹੈ ਮਾਣਿਓ,
ਛਲਿਓ ਬਲਿ ਬਾਵਨ ਭਾਇਓ।
ਤ੍ਰੇਤੈ ਤੈ ਮਾਣਿਓ,
ਰਾਮੁ ਰਘੁਵੰਸ ਕਹਾਇਓ।
ਦੁਆਪੁਰਿ ਕ੍ਰਿਸ਼ਨ ਮੁਰਾਰਿ,
ਕੰਸੁ ਕਿਰਤਾਰਥੁ ਕੀਓ।
ਉਗ੍ਰਸੈਣ ਕਉ ਰਾਜੁ ਅਭੈ
ਭਗਤਹ ਜਨ ਦੀਓ।
ਕਲਿਜੁਗਿ ਪ੍ਰਮਾਣੁ ਨਾਨਕ ਗੁਰੂ
ਅੰਗਦੁ ਅਮਰੁ ਕਹਾਇਓ।
ਸ੍ਰੀ ਗੁਰੂ ਰਾਜ ਅਬਿਚਲੁ ਅਟਲੁ
ਆਦਿ ਪੁਰਖਿ ਫੁਰਮਾਇਓ।੭।

(ਸਵਈਏ ਮਹਲੇ ਪਹਿਲੇ ਕੇ ੧ ਪੰਨਾ ੧੩੯੦)

Digitized by Panjab Digital Library | www.panjabdigilib.org

ਅਜ ਸਾਰੇ ਭਾਰਤ ਅੰਦਰ ਹੀ ਨਹੀਂ, ਸਗੋਂ ਸਾਰੀ ਦੁਨੀਆਂ ਵਿਚ ਜਿਥੇ ਕਿਤੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਸਿੱਖ ਰਹਿੰਦੇ ਹਨ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪਰਕਾਸ਼ ਉਤਸਵ ਮਨਾਉਂਦੇ ਹੋਏ ਉਨ੍ਹਾਂ ਦੇ ਗੁਣਾਂ ਤੇ ਉਪਕਾਰਾਂ ਨੂੰ ਯਾਦ ਕਰਦੇ ਹਨ। ਅਜ ਤੋਂ ਪੰਜ ਸੌ ਸਾਲ ਪਹਿਲਾਂ ਜਗਤ ਗੁਰਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜਿਲਾ ਸ਼ੇਖੂਪੁਰਾ ਵਿਖੇ ਪਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਮਾਤਾ ਤ੍ਰਿਪਤਾ ਜੀ ਦੀ ਕੁਖੋਂ ਸੰਮਤ ੧੫੨੧ ਕਤਕ ਦੀ ਪੂਰਨਮਾਸ਼ੀ ਵਾਲੇ ਦਿਨ ਹੋਇਆ। ਜਦੋਂ ਗੁਰਦੇਵ ਜੀ ਦਾ ਅਵਤਾਰ ਹੋਇਆ ਸੀ ਉਸ ਵੇਲੇ ਭਾਰਤ ਵਿਚ ਧਾਰਮਿਕ ਤੇ ਰਾਜਨੀਤਕ ਤੌਰ ਤੇ ਬੜੀ ਗੜਬੜ ਮਚੀ ਹੋਈ ਹੋਈ ਸੀ। ਹਰ ਪਾਸੇ ਆਪੋ ਧਾਪੀ ਫੈਲੀ ਹੋਈ ਸੀ। ਰਾਜੇ ਪਰਜਾ ਤੇ ਜ਼ੁਲਮ ਕਰ ਰਹੇ ਸਨ। ਉਸ ਵੇਲੇ ਗੁਰਦੇਵ ਜੀ ਦੇ ਕਥਨ ਅਨੁਸਾਰ :-

ਰਾਜੇ ਸੀਂਹ ਮੁਕੱਦਮ ਕੁਤੇ,
ਜਾਏ ਜਗਾਵਨ ਬੈਠੇ ਸੁਤੇ।

ਵਰਗੀ ਹਾਲਤ ਬਣੀ ਹੋਈ ਸੀ। ਉਸ ਸਮੇਂ ਭਾਰਤ ਵਾਸੀਆਂ ਦੇ ਕੰਨੀ ਦੋ ਅਵਾਜ਼ਾਂ ਪੈਂਦੀਆਂ ਸਨ। ਇਕ ਆਵਾਜ਼ ਹੁੰਦੀ ਸੀ ਜਰਵਾਣਿਆਂ ਦੇ ਘੋੜਿਆਂ ਦੀਆਂ ਟਾਪਾਂ ਦੀ ਅਤੇ ਉਨ੍ਹਾਂ ਦੀਆਂ ਤੋਪਾਂ ਤੇ ਬੰਦੂਕਾਂ ਦੀ। ਜਦ ਉਹ ਭਾਰਤ ਨੂੰ ਲੁਟ ਕੇ ਮੁੜਦੇ ਸਨ ਤਾਂ ਨਾਲ ਇਸ ਦੇਸ਼ ਦੀਆਂ ਨੌਜਵਾਨ ਬੱਚੀਆਂ ਨੂੰ ਵੀ ਲੈ ਜਾਂਦੇ ਸਨ। ਉਸ ਵੇਲੇ ਦੂਜੀ ਆਵਾਜ਼ ਉਨ੍ਹਾਂ ਦੇ ਰੋਣ ਤੇ ਕੁਰਲਾਣ ਦੀ ਸੁਣਾਂਈ ਦੇਂਦੀ ਸੀ। ਏਹ ਉਸ ਸਮੇਂ ਦੀ ਹਾਲਤ ਸੀ, ਜਿਸ ਦੀ ਬਾਬਤ ਗੁਰਦੇਵ ਜੀ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਫੁਰਮਾਇਆ ਹੈ :—

Digitized by Panjab Digital Library | www.panjabdigilib.org

ਕਲਿ ਰਾਤੀ ਰਾਜੇ ਕਸਾਈ
ਧਰਮ ਪੰਖ ਕਰ ਉਡਰਿਆ ।
ਕੂੜ ਅਮਾਵਸ ਸਚ ਚੰਦਰਮਾ
ਦੀਸੈ ਨਾਹੀ ਕੈ ਚੜਿਆ ।

ਹਰ ਪਾਸੇ ਮਜ਼ਹਬ ਦੇ ਝਗੜੇ, ਆਪੋ ਵਿਚ ਖਿਚੋਤਾਣ ਵਧਿਆ ਹੋਇਆ ਸੀ । ਧਰਮੀ ਲੋਕ ਛੁਪੇ ਬੈਠੇ ਸਨ । ਉਸ ਵੇਲੇ ਚਾਰਾਂ ਵਰਨਾਂ ਦੇ ਝਗੜੇ ਚਲ ਰਹੇ ਸਨ । ਜਿਸ ਦੀ ਬਾਬਤ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸਤਰ੍ਹਾਂ ਲਿਖਿਆ ਹੈ :—

ਚਾਰ ਵਰਨ ਚਾਰ ਮਜ਼ਹਬਾ,
ਜਗ ਵਿਚ ਹਿੰਦੂ ਮੁਸਲਮਾਣੇ ।
ਖੁਦੀ ਬਖੀਲੀ ਤਕਬਰੀ,
ਖਿਚੋਤਾਣ ਕਰੇਨ ਧਿਡ਼ਾਂਣੇ ।

ਉਸ ਵੇਲੇ ਭਾਰਤ ਵਿਚ ਜੁਗ ਗਰਦੀ ਮਚੀ ਹੋਈ ਸੀ । ਰਾਜਨੀਤਕ ਤੇ ਧਾਰਮਕ ਤੌਰ ਤੇ ਲੋਕੀਂ ਝਗੜਨ ਵਿਚ ਲਗੇ ਹੋਏ ਸਨ । ਦਿਲੀ ਦੇ ਤਖਤ ਤੇ ਬਹਿਲੋਲ ਲੋਧੀ ਰਾਜ ਕਰਦਾ ਸੀ । ਯੂਰਪ ਵਿਚ ਪੁਰਾਣੇ ਈਸਾਈ ਮਤ ਦੇ ਵਿਰੁਧ ਲੋਕਾਂ ਵਿਚ ਘਿਰਣਾ ਵਧ ਰਹੀ ਸੀ । ਅਜਿਹੀ ਭਿਆਨਕ ਤੇ ਡਾਵਾਂ ਡੋਲ ਦਸ਼ਾ ਵਿਚ ਅਕਾਲ ਪੁਰਖ ਅੰਤਰਜਾਮੀ ਨੇ ਦੁਖੀ ਜੀਵਾਂ ਦੀ ਫਰਿਆਦ ਸੁਣ ਕੇ ਆਪਣੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ, ਸੰਸਾਰੀ ਜੀਵਾਂ ਦੇ ਦੁਖ ਨਵਿਰਤ ਕਰਨ ਲਈ, ਪਰਗਟ ਕਰਨੀ ਪਈ । ਜਿਸ ਦੀ ਬਾਬਤ ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਇਸਤਰ੍ਹਾਂ ਦੇ ਵਿਚਾਰ ਪਰਗਟ ਕਰਦੇ ਹਨ :—

Digitized by Panjab Digital Library | www.panjabdigilib.org

ਸੁਣੀ ਪੁਕਾਰ ਦਾਤਾਰ ਪ੍ਰਭ
ਗੁਰ ਨਾਨਕ ਜਗ ਮਾਹਿ ਪਠਾਯਾ।
ਚਰਨ ਧੋਇ ਰਹਿਰਾਸਿ ਕਰਿ
ਚਰਨਾਮ੍ਰਿਤ ਸਿਖਾਂ ਪੀਲਾਯਾ।
ਪਾਰਬ੍ਰਹਮ ਪੂਰਨ ਬ੍ਰਹਮ
ਕਲਿਜੁਗ ਅੰਦਰਿ ਇਕ ਦਿਖਾਯਾ।
ਚਾਰੈ ਪ੍ਰੈਰ ਧਰੰਮ ਦੇ
ਚਾਰ ਵਰਨ ਇਕ ਵਰਨ ਕਰਾਯਾ।
ਰਾਣਾ ਰੰਕ ਬਰਾਬਰੀ
ਪੈਰੀ ਪਵਣਾ ਜਗਿ ਵਰਤਾਯਾ।
ਉਲਟਾ ਖੇਲੁ ਪਿਰੰਮ ਦਾ
ਪੈਰਾਂ ਉਪਰਿ ਸੀਸ ਨਿਵਾਯਾ।
ਕਲਿਜੁਗ ਬਾਬੇ ਤਾਰਿਆ
ਸਤਿਨਾਮ ਪੜ੍ਹ ਮੰਤ੍ਰ ਸੁਣਾਯਾ।
ਕਲਿ ਤਾਰਣ ਗੁਰੂ ਨਾਨਕ ਆਯਾ ।੨੩।

ਧਰਤੀ ਨੇ ਫਰਿਆਦ ਕੀਤੀ, ਅਤਿ ਦੁਖੀ ਹੋ ਕੇ ਪੁਕਾਰੀ, "ਮੈਂ ਦੁਖੀ ਹਾਂ। ਜ਼ੁਲਮ ਨਹੀਂ ਸਹਾਰੇ ਜਾਂਦੇ। ਅਕਿਰਤਘਣਾਂ ਨੇ ਬਹੁਤ ਤੰਗ ਕੀਤਾ ਹੈ।" ਜਿਸ ਦੀ ਬਾਬਤ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:—

ਭਾਰੇ ਭੂਈਂ ਅਕਿਰਤਗਣ ਮੰਦੀ ਹੂੰ ਮੰਦੇ,

Digitized by Panjab Digital Library | www.panjabdigilib.org

ਅਵਾਜ਼ ਆਈ। ਜਿਸ ਦੀ ਬਾਬਤ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਸੂਰਜ ਪਰਕਾਸ਼ ਗਰੰਥ ਵਿਚ ਇਸ ਪਰਕਾਰ ਲਿਖਦੇ ਹਨ :—

ਕਲ ਮਲ ਗਯ ਆਯੋ ਕਲ ਕਾਲਹਾ।
ਭਯੋ ਸੁ ਯਾਤੇ ਤਾਰ ਬਿਸਾਲਹਾ।
ਏਕ ਚਰਨ ਤੇ ਟਿਕਾ ਨਾ ਜਾਈ।
ਬਿਨ ਅਵਲੰਭ ਨਾ ਥਿਰਤਾ ਪਾਈ।
ਇਕ ਉਂਕਾਰ ਬਿਨੈ ਸੁਨ ਲੀਜੈ।
ਧਿਤ ਹੋਵਨ ਕੇ ਅਵਲੰਭ ਕੀਜੈ।

ਅਵਾਜ਼ ਆਈ :—

ਇਸ ਕਾਰਜ ਕੋ ਬਹੁਤ ਪਠਾਏ।
ਜਾਏ ਤਹਾਂ ਨਿਜ ਪੰਥ ਚਲਾਏ।
ਬਿਸਰੇ ਜਾਂ ਕਾਰਜ ਤਹਿ ਆਏ।
ਅਪਨੇ ਅਪਨੇ ਮਤ ਠਹਰਾਏ।
ਕਿਨਹੂੰ ਨਾ ਮਹਿਮਾ ਨਾਮ ਬਿਥਾਰੀ।
ਭਾਉ ਭਗਤ ਦੀ ਰੀਤ ਨਾ ਡਾਰੀ।
ਜਿਉਂ ਹੋਵਤਿ ਅਵਲੰਭ ਛੋਨੀ।
ਇਉ ਬਿਚਾਰ ਬੋਲੇ ਜਮ ਜੋਨੀ।


ਫਿਰ ਅਵਾਜ਼ ਆਈ। ਬੜੇ ਬੜੇ ਪੀਰ, ਫਕੀਰ, ਪੈਗੰਬਰ, ਅਵਤਾਰ ਭੇਜੇ ਹਨ। ਇਨ੍ਹਾਂ ਵਿਚੋਂ ਕਿਸੇ ਨੇ ਭੀ ਧਰਤੀ ਦਾ ਭਾਰ ਹੌਲਾ ਨਹੀਂ ਕੀਤਾ। ਮਾਲਕ ਨੇ ਕਿਹਾ :—

Digitized by Panjab Digital Library | www.panjabdigilib.org

ਨਾਮ ਕੀਰਤਨ ਬਿਸਰਹਿ ਜਬ ਹੀ ।
ਤੁਝ ਅਵਿਲੰਭ ਹੋਇ ਹੈ ਤਬ ਹੀ ।
ਯਾ ਤੇ ਪਰਗਟਾਵੋ ਜਗ ਆਏ ।
ਮੈਂ ਬਿਨ ਹੋਤਿ ਨਾ ਆਨ ਉਪਾਏ ।
ਜਗ ਮੈਂ ਰਘੁਵਰ ਕੁਲ ਅਕਲੰਕਾ ।
ਪਰਗਟੇ ਬੇਦੀ ਕੁਮੁਦਾ ਮਯੰਕਾ ।
ਏਕਉਂਕਾਰ ਧਾਰੇ ਨਿਜ ਰੂਪਾ ।
ਪਰਗਟ ਭਏ ਸਤਿਗੁਰੂ ਅਨੂਪਾ ।

ਇਸਤਰ੍ਹਾਂ ਅਕਾਲ ਪੁਰਖ ਨੇ ਆਪਣੀ ਜੋਤ ਸੰਸਾਰ ਵਿਚ ਭੇਜ ਕੇ ਧਰਤੀ ਦਾ ਭਾਰ ਦੂਰ ਕੀਤਾ, ਜਿਸ ਤੋਂ ਫਿਰ ਨਾਮ ਦਾ ਪਰਕਾਸ਼ ਹੋਇਆ । ਸਾਹਿਬ ਜੀ ਦੇ ਪਰਗਟ ਹੋਣ ਨਾਲ ਹਰ ਪਾਸੇ ਖੁਸ਼ੀ ਤੇ ਖੇੜਾ ਨਜ਼ਰ ਆਉਣ ਲਗ ਪਿਆ। ਸਤਿਗੁਰੂ ਜੀ ਨੇ ਬਚਪਨ ਵਿਚ ਅਨੇਕ ਕੌਤਕ ਕੀਤੇ ਅਤੇ ਅਨੇਕਾਂ ਜੀਵਾਂ ਨੂੰ ਜੀਵਨ ਮੁਕਤ ਕੀਤਾ। ਬੱਚਿਆਂ ਨਾਲ ਖੇਡਨ ਸਮੇਂ ਆਪ ਜੀ ਸਤਿ ਕਰਤਾਰ ਦਾ ਜਾਪ ਜਪਦੇ ਤੇ ਹੋਰਨਾ ਬੱਚਿਆਂ ਨੂੰ ਜਪਾਉਂਦੇ । ਘਰੋਂ ਜੋ ਚੀਜ ਮਿਲਦੀ ਉਹ ਗਰੀਬਾਂ ਅਤੇ ਅਨਾਥਾਂ ਵਿਚ ਵੰਡ ਦਿੰਦੇ । ਸਤ ਅਠ ਸਾਲ ਦੀ ਉਮਰ ਵਿਚ ਪਾਂਧੇ ਗੋਪਾਲ ਕੋਲ ਪੜ੍ਹਨ ਪਾਏ ਗਏ ਅਤੇ ਕਿਹਾ ਨਾਨਕਾ ! ਇਥੇ ਪੰਡਤ ਜੀ ਕੋਲ ਲੇਖਾ ਪਤਾ ਕਰਨ ਲਈ ਕੁਝ ਸਿਖ ਤਾਂ ਜੋ ਦੁਨੀਆਂ ਦਾ ਕਾਰ ਵਿਹਾਰ ਠੀਕ ਤਰੀਕੇ ਨਾਲ ਚਲਾ ਸਕੇਂ । ਉਥੇ ਪੁਜਦਿਆਂ ਹੀ ਪੰਡਤ ਜੀ ਨੇ ਖੁਸ਼ੀ ਖੁਸ਼ੀ ਤੇ ਚਾਈਂ ਚਾਈਂ ਪਟੀ ਤੇ ਅਖਰ ਲਿਖ ਦਿਤੇ ਤੇ ਕਿਹਾ, "ਨਾਨਕ ! ਇਹ ਅਖਰ ਪੜ੍ਹ ਤੇ ਇਨ੍ਹਾਂ ਨੂੰ ਯਾਦ ਕਰ ।" ਗੁਰਦੇਵ ਜੀ ਨੇ ਕਿਹਾ, ਪੰਡਤ ਜੀ ! ਕੀ ਲਿਖਿਆ ਜੇ ? ਅਗੋਂ ਪੰਡਤ ਜੀ ਨੇ ਕਿਹਾ, 'ਇਹ

Digitized by Panjab Digital Library | www.panjabdigilib.org



ਗੁਰਦੁਆਰਾ ਪੰਜਾ ਸਾਹਿਬ ਜੀ, ਹਸਨ ਅਬਦਾਲ (ਪਾਕਿਸਤਾਨ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਓਮ ਦਾ ਅਖਰ ਹੈ।" ਇਸਦਾ ਭਾਵ ਕੀ ਹੈ ? ਪੰਡਤ ਨੇ ਅਗੋਂ ਉਤਰ ਦਿਤਾ ਕਿ ਮੈਂ ਤਾਂ ਕੇਵਲ ਅਖਰ ਪੜ੍ਹਾਉਣੇ ਹੀ ਜਾਣਦਾ ਹਾਂ। ਇਹੋ ਕੁਝ ਹੀ ਸਾਰੇ ਬਚਿਆਂ ਨੂੰ ਪੜ੍ਹਾਉਂਦਾ ਪਿਆ ਹਾਂ ਅਤੇ ਉਹ ਪੜ੍ਹੀ ਜਾ ਰਹੇ ਹਨ। ਕਦੇ ਕਿਸੇ ਨੇ ਭਾਵ ਨਹੀਂ ਪੁਛਿਆ ਜੋ ਤੁਸੀਂ ਹੁਣ ਪੁਛ ਰਹੇ ਹੋ।

ਗੁਰਦੇਵ ਜੀ ਨੇ ਕਿਹਾ, "ਪੰਡਤ ਜੀ ! ਜੇ ਅਸਾਂ ਪਹਿਲੇ ਅੱਖਰ ਦੇ ਭਾਵ ਨੂੰ ਹੀ ਨਾ ਸਮਝਿਆ ਤਾਂ ਅਗੇ ਪੜ੍ਹ ਕੇ ਕੀ ਕਰਨਾ ਹੈ ? ਇਸ ਤਰ੍ਹਾਂ ਤੇ ਕੋਈ ਲਾਭ ਪ੍ਰਾਪਤ ਨਹੀਂ ਹੋ ਸਕਦਾ। ਇਸ ਲਈ ਜਰੂਰੀ ਹੈ ਕਿ ਪਹਿਲੋਂ ਪਹਿਲੇ ਅਖਰ ਦਾ ਭਾਵ ਚੰਗੀ ਤਰ੍ਹਾਂ ਆਉਂਦਾ ਹੋਵੇ ਜੇ ਨਹੀਂ ਤਾਂ ਸਾਰੀ ਪੜ੍ਹਾਈ ਕਿਸੇ ਅਰਥ ਨਹੀਂ।" ਇਸ ਤੇ ਪੰਡਤ ਜੀ ਕਹਿਣ ਲਗੇ ਕਿ ਮੈਨੂੰ ਤੇ ਅਰਥ ਆਉਂਦੇ ਹੀ ਨਹੀਂ, ਚੰਗੀ ਗਲ ਇਹ ਹੈ ਕਿ ਤੁਸੀਂ ਆਪ ਹੀ ਸਮਝਾ ਦਿਉ। ਉਸ ਵੇਲੇ ਸਤਿਗੁਰੂ ਜੀ ਆਸਾ ਰਾਗ ਦੀ ਪਟੀ ਉਚਾਰਨ ਕਰਕੇ ਉਸ ਨੂੰ ਸਹੀ ਅਰਥਾਂ ਵਿਚ ਪੜ੍ਹਾਈ ਕਰਾਉਣ ਦੀ ਜਾਚ ਦਸੀ। ਇਸ ਬਾਬਤ ਗੁਰਦੇਵ ਜੀ ਆਪਣੀ ਬਾਣੀ ਵਿਚ ਇਸ ਤਰ੍ਹਾਂ ਸਮਝਾਉਂਦੇ ਹਨ :—

ਸਸੈ ਸੋਇ ਸ੍ਰਿਸਟਿ ਜਿਨ ਸਾਜੀ
ਸਭਨਾ ਸਾਹਿਬੁ ਏਕੁ ਭਇਆ।
ਸੇਵਤ ਰਹੇ ਚਿਤੁ ਜਿਨ ਕਾ ਲਾਗਾ
ਆਇਆ ਤਿਨ ਕਾ ਸਫਲੁ ਭਇਆ।

ਇਸਤਰ੍ਹਾਂ ਦਾ ਉਪਦੇਸ਼ ਸੁਣਕੇ ਪੰਡਤ ਜੀ ਦਾ ਭੁਲੇਖਾ ਦੂਰ ਹੋਇਆ ਤੇ ਉਹ ਗੁਰੂ ਜੀ ਦੇ ਚਰਨੀਂ ਲਗਕੇ ਸੇਵਕ ਬਣਿਆ। ਫਿਰ ਮੌਲਵੀ ਕੋਲ ਭੇਜੇ ਗਏ। ਮੌਲਵੀ ਸਤਿਗੁਰੂ ਜੀ ਦੇ ਆਮਦ ਤੇ ਬੜਾ ਖੁਸ਼ ਹੋਇਆ। ਉਹ ਵੀ ਪੜ੍ਹਾਈ ਕਰਾਉਣ ਲਈ ਕਹਿਣ ਲਗਾ,

Digitized by Panjab Digital Library | www.panjabdigilib.org

"ਨਾਨਕ ! ਕਹੁ ਅਲਫ ।" ਸਾਹਿਬਾਂ ਨੇ ਕਿਹਾ, "ਮੌਲਵੀ ਜੀ ! ਅਲਫ ਦਾ ਅਰਥ ਕੀ ਹੈ ?" ਇਹ ਸੁਣਕੇ ਮੌਲਵੀ ਚਕਿਰਤ ਹੋ ਗਿਆ ਤੇ ਮਨ ਵਿਚ ਕਹਿਣ ਲਗਾ, "ਇਹ ਵੀ ਕੋਈ ਅਜੀਬ ਕਿਸਮ ਦਾ ਬਾਲਕ ਹੈ ਜੋ ਅਲਫ ਦੇ ਅਰਥ ਪੁਛਦਾ ਹੈ।" ਉਹ ਵੀ ਗੁਰਦੇਵ ਜੀ ਨੂੰ ਅਰਥ ਨਾ ਦਸ ਸਕਿਆ । ਉਸ ਦੀ ਹੈਰਾਨੀ ਭਰੀ ਦਸ਼ਾ ਵੇਖਕੇ ਸਾਹਿਬਾਂ ਨੇ ਕਿਹਾ, "ਮੌਲਵੀ ਜੀ । ਜੇ ਤੁਸੀ ਨਹੀਂ ਦਸ ਸਕਦੇ ਤਾਂ ਫਿਰ ਮੈਂ ਹੀ ਦਸ ਦਿਆਂ ।" ਮੌਲਵੀ ਦੇ ਹਾਂ ਕਰਨ ਤੇ ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਸਤਰ੍ਹਾਂ ਉਚਾਰਨ ਕੀਤਾ :–

ਅਲਫ ਅਲ੍ਹਾ ਨੂੰ ਯਾਦ ਕਰ
ਗ਼ਫਲਤ ਮਨੋ ਵਿਸਾਰ ।
ਸੁਆਸ ਪਲਟੇ ਨਾਮ ਬਿਨ
ਧ੍ਰਿਗ ਜੀਵਨ ਸੰਸਾਰ ।

ਇਹ ਉਤਰ ਸੁਣਕੇ ਮੌਲਵੀ ਬਹੁਤ ਹੈਰਾਨ ਹੋਇਆ ਹੋਇਆ ਗੁਰਦੇਵ ਜੀ ਦੀ ਬਾਂਹ ਫੜ ਮਹਿਤਾ ਕਾਲੂ ਜੀ ਪਾਸ ਚਲਾ ਗਿਆ ਤੇ ਜਾਕੇ ਕਹਿਣ ਲਗਾ, "ਮਹਿਤਾ ਜੀ । ਨਾਨਕ ਤੇ ਅਗੇ ਹੀ ਪੜ੍ਹਿਆ ਹੋਇਆ ਹੈ । ਮੈਂ ਇਸਨੂੰ ਹੋਰ ਨਹੀਂ ਪੜ੍ਹਾ ਸਕਦਾ ।" ਪਰਤਣ ਲਗਿਆਂ ਉਸਨੇ ਸਿਜਦਾ ਕੀਤਾ ਤੇ ਅਗੋਂ ਲਈ ਸੇਵਕ ਬਣ ਗਿਆ।

ਜਦੋਂ ਪਿਤਾ ਨੇ ਵੇਖਿਆ ਕਿ ਇਹ ਕੋਈ ਵੀ ਕੰਮ ਨਹੀਂ ਕਰਦੇ ਤਾਂ ਚਰਵਾਲਾ ਹੀ ਬਣਾਉਣ ਦੀ ਸਲਾਹ ਬਣਾਈ । ਸਮਾਂ ਤਾੜ ਕੇ ਮਹਿਤਾ ਕਾਲੂ ਜੀ ਨੇ ਸਤਿਗੁਰੂ ਜੀ ਨੂੰ ਆਪਣੇ ਕੋਲ ਬੁਲਾ ਕੇ ਕਿਹਾ, "ਨਾਨਕ ! ਜੇ ਹੋਰ ਕੁਝ ਨਹੀਂ ਕਰਨਾ ਤਾਂ ਮਝਾਂ ਹੀ ਚਾਰ ਲਿਆਇਆ ਕਰ ।" ਸਾਹਿਬ ਸਤਿ ਬਚਨ ਕਹਿਕੇ ਮਝਾਂ ਨੂੰ ਚਾਰਨ ਲਈ ਤੁਰ ਪਏ । ਬਾਹਰ ਜਾਕੇ ਮਝਾਂ ਚਰਨੀਆਂ ਛਡ

Digitized by Panjab Digital Library | www.panjabdigilib.org

ਦਿਤੀਆਂ ਅਤੇ ਆਪ ਇਕ ਦਰਖਤ ਹੇਠਾਂ ਸੌਂ ਗਏ । ਨੇੜੇ ਹੀ ਹਰਿਆ ਭਰਿਆ ਖੇਤ ਸੀ । ਮਝਾਂ ਨੇ ਉਹ ਸਾਰਾ ਖੇਤ ਉਜਾੜ ਦਿਤਾ । ਖੇਤ ਦੇ ਮਾਲਕ ਨੇ ਆਪਣਾ ਖੇਤ ਦੂਰੋਂ ਹੀ ਉਜੜਦਾ ਵੇਖਕੇ ਰੌਲਾ ਪਾਣਾ ਸ਼ੁਰੂ ਕਰ ਦਿਤਾ । ਆਪਣੇ ਉਜੜੇ ਹੋਏ ਖੇਤ ਨੂੰ ਵੇਖ ਕੇ ਉਹ ਪਿੰਡ ਦੇ ਹਾਕਮ ਰਾਇ ਬੁਲਾਰ ਪਾਸ ਜਾ ਫਰਿਆਦੀ ਹੋਇਆ ਅਤੇ ਆਪਣਾ ਦੁਖ ਸੁਣਾਂਦਿਆਂ ਹੋਇਆਂ ਕਿਹਾ ਕਿ ਕਾਲੂ ਪਟਵਾਰੀ ਦੇ ਪੁਤਰ ਨਾਨਕ ਨੇ ਮਝਾਂ ਛਡ ਕੇ ਮੇਰਾ ਸਾਰਾ ਖੇਤ ਉਜਾੜ ਦਿਤਾ ਹੈ । ਮੈਂ ਗਰੀਬ ਮਾਰਿਆ ਗਿਆ ਹਾਂ । ਮੇਰੇ ਨਾਲ ਨਿਆਂ ਹੋਣਾ ਚਾਹੀਦਾ ਹੈ । ਇਸ ਤੇ ਰਾਏ ਬੁਲਾਰ ਨੇ ਆਪਣਾ ਆਦਮੀ ਭੇਜਕੇ ਗੁਰਦੇਵ ਜੀ ਨੂੰ ਬੁਲਾਇਆ ਤੇ ਪੁਛਿਆ । ਸਤਿਗੁਰੂ ਜੀ ਨੇ ਉਤਰ ਦਿਤਾ ਕਿ ਜਾਕੇ ਵੇਖੋ ਤਾਂ ਸਹੀ, ਖੇਤ ਦਾ ਤਾਂ ਕੁਝ ਵੀ ਨਹੀਂ ਵਿਗੜਿਆਂ । ਇਹ ਉਤਰ ਸੁਣਕੇ ਸਾਰੇ ਖੇਤ ਵੇਖਣ ਲਈ ਗਏ । ਜਦੋਂ ਉਥੇ ਪੁਜੇ ਤਾਂ ਕੀ ਵੇਖਦੇ ਹਨ ਕਿ ਖੇਤ ਤਾਂ ਹਰਾ ਭਰਾ ਖੜਾ ਹੈ ਕਿਧਰੇ ਇਕ ਤੀਲੇ ਦਾ ਵੀ ਨੁਕਸਾਨ ਨਜ਼ਰ ਨਹੀਂ ਆਇਆ । ਇਹ ਕੌਤਕ ਵੇਖਕੇ ਸਾਰੇ ਹੈਰਾਨ ਹੋ ਗਏ ਅਤੇ ਕਿਸਾਨ ਉਥੇ ਹੀ ਸਤਿਗੁਰਾਂ ਦੇ ਚਰਨ ਢਹਿ ਪਿਆ ਤੇ ਸਿੱਖ ਬਣਿਆ ।

ਸਮਾਂ ਲੰਘਦਾ ਗਿਆ । ਇਕ ਦਿਨ ਸਾਹਿਬ ਗੁਰਦੇਵ ਜੀ ਆਰਾਮ ਕਰਨ ਲਈ ਵਣ ਦੇ ਦਰਖਤ ਹੇਠਾਂ ਸੌਂ ਗਏ । ਪਰਛਾਵੇਂ ਢਲ ਗਏ । ਧੁੱਪ ਪਵਿਤਰ ਮੁਖੜੇ ਤੇ ਪਈ । ਇਸ ਹਾਲਤ ਨੂੰ ਵੇਖਕੇ ਸ਼ੇਸ਼ਨਾਗ ਦੌੜਿਆ ਆਇਆ । ਉਸਨੇ ਇਹ ਹਾਲਤ ਨਾ ਸਹਾਰਦਿਆਂ ਹੋਇਆਂ ਆਪਣੇ ਫਨ ਨਾਲ ਮੂੰਹ ਤੇ ਛਾਂ ਕਰ ਦਿਤੀ । ਉਸ ਸਮੇਂ ਰਾਏ ਬੁਲਾਰ ਆਪਣੇ ਇਲਾਕੇ ਵਿਚ ਚਕਰ ਲਾ ਰਿਹਾ ਸੀ । ਜਿਉਂ ਹੀ ਉਸਨੇ ਵੇਖਿਆ ਕਿ ਇੱਕ ਸੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖ ਤੇ ਫੰਨ ਖਿਲਾਰ ਕੇ ਬੈਠਾ ਹੈ । ਇਹ ਕੌਤਕ ਵੇਖਕੇ ਉਸਨੂੰ ਬੜੀ ਹੈਰਾਨੀ ਹੋਈ ਤੇ ਡਰ ਭਾਸਿਆ ਕਿ ਕਿਧਰੇ ਡੰਗ ਹੀ ਨਾ ਮਾਰ ਗਿਆ ਹੋਵੇ । ਅਹਿਸਤਾ ਅਹਿਸਤਾ ਡਰਦਾ

Digitized by Panjab Digital Library | www.panjabdigilib.org

ਹੋਇਆ ਹੋਰ ਅਗੇ ਹੋਇਆ ਤਾਂ ਕੀ ਵੇਖਦਾ ਹੈ ਕਿ ਸੱਪ ਉਥੇ ਹੈ ਹੀ ਨਹੀਂ ? ਉਹ ਅਲੋਪ ਚੁਕਾ ਸੀ । ਇਤਨੀ ਦੇਰ ਨੂੰ ਗੁਰਦੇਵ ਜੀ ਸਤਿ ਕਰਤਾਰ ਦਾ ਜਾਪ ਕਰਦੇ ਹੋਏ ਉਠ ਬੈਠੇ । ਇਹ ਇਕ ਹੈਰਾਨ ਕੁਨ ਕੌਤਕ ਵੇਖਕੇ ਰਾਇ ਬੁਲਾਰ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਿਆ । ਉਹ ਇਹੋ ਜਿਹਾ ਲਿਪਟਿਆ ਜੋ ਸਦਾ ਲਈ ਗੁਰੂ ਜੀ ਦਾ ਹੀ ਹੋ ਗਿਆ । ਘਰ ਆ ਕੇ ਮਹਿਤਾ ਕਾਲੂ ਜੀ ਨੂੰ ਬੁਲਾਇਆ ਤੇ ਸਾਰੀ ਗਲ ਕਹਿ ਸੁਣਾਈ ਜੋ ਅਖੀਂ ਵੇਖੀ ਸੀ। ਉਹ ਵਾਰਤਾ ਇਸਤਰ੍ਹਾਂ ਹੈ, ਜਿਸਤਰ੍ਹਾਂ ਕਿਸੇ ਕਵੀ ਨੇ ਆਪਣੇ ਸ਼ਬਦਾਂ ਵਿਚ ਲਿਖੀ ਹੈ:–

ਕਿਹਾ ਰਾਏ ਬੁਲਾਰ ਨੇ ਮਹਿਤਾ ਕਾਲੂ,
ਤੇਰਾ ਪੁਤਰ ਹੈ ਆਪ ਕਰਤਾਰ ਮੀਆਂ।
ਸੱਪ ਚੌਰ ਕਰਦਾ ਅਖੀਂ ਦੇਖਿਆ ਮੈਂ,
ਜਦੋਂ ਸੂਰਜ ਦਾ ਲਗਾ ਚਮਕਾਰ ਮੀਆਂ।
ਏਹ ਕੋਈ ਔਲੀਆ ਅਲ੍ਹਾ ਨੇ ਭੇਜਿਆ ਹੈ,
ਜਿਨ੍ਹੂੰ ਕਰਨ ਦੇਵਤਾ ਨਿਮਸ਼ਕਾਰ ਮੀਆਂ।
ਪਹਿਰਾ ਦੇਂਵਦਾ ਹੈ ਸ਼ੇਸ਼ ਨਾਗ ਜਿਸਦਾ,
ਉਹ ਹੈ ਵਲੀ ਜਾਂ ਗੁਰੂ ਅਵਤਾਰ ਮੀਆਂ।

ਨਿਸਚਾ ਹੋ ਗਿਆ ਹੈ ਮੇਰੇ ਚਿਤ ਅੰਦਰ,
ਰੂਪ ਆਪਣਾ ਧਾਰ ਭਗਵਾਨ ਆਇਆ।
ਜਗਤ ਭੁਲਿਆ ਨਾਮ ਪਰਮਾਤਮਾਂ ਦਾ,
ਚਾਰ ਵਰਨ ਨੂੰ ਕਰਨ ਗਿਆਨ ਆਇਆ।

Digitized by Panjab Digital Library | www.panjabdigilib.org

ਰਾਏ ਬੁਲਾਰ ਗੁਰਦੇਵ ਜੀ ਦੇ ਇਹੋ ਜਿਹੇ ਅੰਧ ਵਿਸ਼ਵਾਸ਼ੀ ਸ਼ਰਧਾਲੂ ਬਣੇ ਜਿਨ੍ਹਾਂ ਨੂੰ ਅੰਤ ਤਕ ਦਰਸ਼ਨ ਦੀ ਸਿਕ ਲਗੀ ਰਹੀ, । ਇਸ ਗੁਰਦੇਵ ਜੀ ਨੇ ਪਿਆਰ ਵਿਚ ਭਿਜੇ ਹੋਏ ਨੂੰ ਅੰਤ ਸਮੇਂ ਵੀ ਦਰਸ਼ਨ ਦੇ ਕੇ ਨਿਹਾਲ ਕਰ ਦਿਤਾ । ਨਿਰਾ ਨਿਹਾਲ ਹੀ ਨਹੀਂ ਕੀਤਾ ਸਗੋਂ ਉਸਦਾ ਅਗਲਾ ਰਸਤਾ ਵੀ ਸਾਫ ਕਰ ਦਿਤਾ । ਜੇ ਪੰਡਤ ਹਰਦਿਆਲ ਜਨੇਊ ਪਾਣ ਲਈ ਆਇਆ ਤਾਂ ਸਤਿਗੁਰੂ ਜੀ ਨੇ ਉਸ ਤੋਂ ਸਚਾ ਜਨੇਊ ਮੰਗਿਆ । ਇਹ ਬਚਨ ਸੁਣਕੇ ਪੰਡਤ ਹੈਰਾਨ ਹੋ ਗਿਆ । ਉਸਨੂੰ ਸਚੇ ਜਨੇਊ ਦਾ ਕੋਈ ਪਤਾ ਨਹੀਂ ਸੀ । ਇਸ ਹੈਰਾਨੀ ਵਿਚ ਹੀ ਉਸਨੇ ਅਗੋਂ ਸਚੇ ਜਨੇਊ ਬਾਰੇ ਕਹਿਣ ਲਗਾ। ਮੈਨੂੰ ਤੇ ਉਸਦਾ ਪਤਾ ਨਹੀਂ, ਕਿਰਪਾ ਕਰਕੇ ਤੁਸੀਂ ਹੀ ਦਸ ਦਿਉ ।" ਇਹ ਬਚਨ ਸੁਣਕੇ ਗੁਰਦੇਵ ਜੀ ਨੇ ਉਸ ਸਚੇ ਜਨੇਊ ਬਾਰੇ ਵਿਸਤਰਾਂ ਦਸਿਆ:—

ਦਇਆ ਕਪਾਹ ਸੰਤੋਖੁ ਸੂਤੁ,
ਜਤੁ ਗੰਡੀ ਸਤੁ ਵਟੁ ।
ਏਹੁ ਜਨੇਊ ਜੀਅ ਕਾ,
ਹਈ ਤ ਪਾਂਡੇ ਘਤੁ ।
ਨਾ ਏਹੁ ਤੁਟੈ ਨ ਮਲੁ ਲਗੈ,
ਨਾ ਏਹੁ ਜਲੈ ਨ ਜਾਇ ।
ਧੰਨੁ ਸੁ ਮਾਣਸ ਨਾਨਕਾ,
ਜੋ ਗਲਿ ਚਲੇ ਪਾਇ ।

(ਆਸਾ ਦੀ ਵਾਰ)

ਪੰਡਤ ਹਰਦਿਆਲ ਇਹ ਬਚਨ ਸੁਣਕੇ ਚਰਨਾਂ ਤੇ ਡਿਗ ਪਿਆ ਅਤੇ ਸੇਵਕ ਬਣ ਗਿਆ । ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ, "ਗੁਰੂ ਨਾਨਕ ਦੇਵ ਜੀ ਦੀ ਰੁਖੀਂ ਬਿਰਖੀ ਜਾਇ ਉਦਾਸ

Digitized by Panjab Digital Library | www.panjabdigilib.org

ਰਹੇ । ਫਕੀਰਾਂ ਨਾਲ ਮਜਲਸ ਕਰੇ, ਹੋਰ ਕਿਸੇ ਨਾਲ ਗਲ ਕਰੇ ਨਾਹੀਂ । ਤਬਿ ਸਭ ਪਰਵਾਰ ਦੁਖਿਆ ਅਤੇ ਆਖਣ ਲਗੇ ਕਮਲਾ ਹੋ ਗਿਆ ਹੈ ।" ਇਹ ਹਾਲਤ ਵੇਖਕੇ ਪਿਤਾ ਕਾਲੂ ਜੀ ਨੇ ਵੈਦ ਬੁਲਾਇਆ । ਵੈਦ ਆਇਆ ਤੇ ਆ ਕੇ ਨਬਜ਼ ਦੇਖਣ ਲਗਾ । ਗੁਰਦੇਵ ਜੀ ਨੇ ਬਾਂਹ ਖਿਚ ਲਈ ਤੇ ਵੈਦ ਨੂੰ ਆਖਣ ਲਗੇ ਇਹ ਕੀ ਕਰਨ ਲਗਾ ਹੈਂ ? ਤੈਨੂੰ ਮੇਰੀ ਬਿਮਾਰੀ ਨਹੀਂ ਪਤਾ ਲਗਣ ਲਗੀ, ਉਸ ਨੂੰ ਬਾਣੀ ਦਵਾਰਾ ਇਸਤਰ੍ਹਾਂ ਸਮਝਾਇਆ :—

ਵੈਦ ਬੁਲਾਇਆ ਵੈਦਗੀ
ਪਕੜਿ ਢੰਡੋਲੇ ਬਾਂਹ ।
ਭੋਲਾ ਵੈਦ ਨਾ ਜਾਣਈ
ਕਰਕ ਕਲੇਜੇ ਮਾਹਿ ।

ਇਸੇ ਤਰ੍ਹਾਂ ਫਾਰਸੀ ਦੇ ਇਕ ਸ਼ਾਇਰ ਨੇ ਲਿਖਿਆ ਹੈ :—

ਅਜ਼ ਸਰੇ ਬਾਲੀਨੇ ਮਨ
ਬੁਰਖੇਜ਼ ਐ ਨਾਦਾਂ ਤਬੀਬ ।
ਦਰਦ ਮੰਦਾ ਇਸ਼ਕ ਰਾ ਦਾਰੂ
ਬਜੁਜ਼ ਦੀਦਾਰ ਨੇਸਤ ।

ਉਸ ਵੇਲੇ ਗੁਰਦੇਵ ਜੀ ਨੇ ਵੈਦ ਨੂੰ ਕਿਹਾ, "ਤੁਸੀਂ ਜਾਉ । ਤੁਸੀਂ ਮੇਰੀ ਬਿਮਾਰੀ ਨਹੀਂ ਸਮਝ ਸਕਦੇ ਅਤੇ ਨਾ ਹੀ ਤੁਹਾਡੇ ਕੋਲ ਕੋਈ ਦਵਾਈ ਹੈ, ਕਿਉਂਕਿ ਇਸ਼ਕ ਦੇ ਦਰਦ ਮੰਦਾਂ ਲਈ ਦੀਦਾਰ ਤੋਂ ਬਗੈਰ ਹੋਰ ਕੋਈ ਇਲਾਜ ਨਹੀਂ ।" ਇਹ ਬਚਨ ਸੁਣਕੇ ਵੈਦ ਨੇ ਮੱਥਾ ਟੇਕਿਆ ਤੇ ਅਗੋਂ ਲਈ ਸ਼ਰਧਾਲੂ ਬਣ ਗਿਆ । ਪਿਤਾ ਕਾਲੂ ਜੀ ਇਹ ਕੌਤਕ ਵੇਖ ਕੇ ਹੈਰਾਨ ਹੋ ਰਹੇ ਸਨ । ਉਨ੍ਹਾਂ

Digitized by Panjab Digital Library | www.panjabdigilib.org

ਦੀ ਹੈਰਾਨੀ ਨੂੰ ਤੋੜਦਿਆਂ ਵੈਦ ਨੇ ਕਿਹਾ, "ਕਾਲੂ ਜੀ! ਇਸ ਬਾਲਕ ਨੂੰ ਕੋਈ ਰੋਗ ਨਹੀਂ। ਇਹ ਦੁਨੀਆਂ ਦੇ ਰੋਗ ਕਟਣ ਲਈ ਆਇਆ ਹੈ, ਜਿਸ ਨੇ ਮੇਰਾ ਹਉਮੈਂ ਦਾ ਰੋਗ ਵੀ ਦੂਰ ਕਰ ਦਿਤਾ ਹੈ। ਸੋ ਗੁਰਦੇਵ ਜੀ ਨੂੰ ਸਾਰੇ ਟਬਰ ਵਿਚੋਂ ਕੇਵਲ ਬੇਬੇ ਨਾਨਕੀ ਜੀ ਅਤੇ ਤਲਵੰਡੀ ਵਿਚੋਂ ਰਾਇ ਬੁਲਾਰ ਨੇ ਸ਼ਰਧਾ ਤੇ ਪ੍ਰਿਆਰ ਨਾਲ ਦੈਵੀ ਆਤਮਾ ਨੂੰ ਜਾਣਿਆ। ਮਾਪਿਆਂ ਲਈ ਆਪ ਜੀ ਕੇਵਲ ਘਰ ਉਜਾੜੂ ਹੀ ਸਨ। ਜੇ ਖਰਾ ਸੌਦਾ ਕੀਤਾ ਤਾਂ ਰਬ ਦੇ ਪਿਆਰਿਆਂ ਦੀ ਸੇਵਾ ਕਰਕੇ ਕੀਤਾ ਅਤੇ ਹੋਰਨਾ ਨੂੰ ਸੇਵਾ ਕਰਨ ਦੀ ਜਾਚ ਦਸੀ। ਸੁਲਤਾਨ ਪੁਰ ਗਏ ਤੇ ਉਥੇ ਜਾਕੇ ਮੋਦੀ ਦੀ ਕਾਰ ਸੰਭਾਲੀ। ਇਸ ਸਮੇਂ ਵਿਚ ਤੇਰਾ ਤੇਰਾ ਦੀ ਰਟ ਨਾਲ ਹੀ ਗਰੀਬਾਂ ਦੀ ਪਰਸੰਸਾ ਹਾਸਲ ਕੀਤੀ ਤੇ ਹਿਸਾਬ ਹੋਇਆ ਤਾਂ ਵਾਧਾ ਨਿਕਲਿਆ। ਵੇਈਂ ਨਦੀ ਵਿਚ ਅਲੋਪ ਹੋ ਕੇ ਮਾਲਕ ਦੇ ਦਰ ਤੇ ਪੁਜੇ। ਤੀਸਰੇ ਦਿਨ ਪਰਤੇ ਅਤੇ ਆ ਕੇ ਇਹ ਨਾਹਰਾ ਲਾਇਆ, "ਨਾ ਹਮ ਹਿੰਦੂ ਨਾ ਮੁਸਲਮਾਨ।" ਜਦੋਂ ਸੁਲਤਾਨ ਨੂੰ ਪਤਾ ਲਗਾ ਤਾਂ ਉਸਨੇ ਗੁਰ ਦੇਵ ਜੀ ਨਾਲ ਗਿਆਨ ਚਰਚਾ ਕਰਨੀ ਸ਼ੁਰੂ ਕਰ ਦਿਤੀ। ਉਹ ਗਲਾਂ ਕਰਦਾ ਕਰਦਾ ਕਹਿਣ ਲਗਾ ਜੇ ਆਪ ਜੀ ਦੇ ਦਿਲ ਵਿਚ ਕੋਈ ਭਿੰਨ ਭੇਦ ਨਹੀਂ ਤਾਂ ਆਉ ਨਿਮਾਜ਼ ਪੜ੍ਹ ਲਈਏ ਹੁਣ ਨਿਮਾਜ਼ ਦਾ ਸਮਾਂ ਹੈ। ਸਤਿਗੁਰੂ ਜੀ ਨੇ ਕਿਹਾ ਚਲੋ, ਚਲ ਕੇ ਪੜ੍ਹ ਲੈਂਦੇ ਹਾਂ। ਉਹ ਸਾਰੇ ਮਸਜਦ ਵਿਚ ਪਹੁੰਚ ਗਏ ਤੇ ਲਗੇ ਨਿਮਾਜ਼ ਪੜ੍ਹਨ। ਬਾਕੀ ਨਿਮਾਜ਼ ਪੜ੍ਹਦੇ ਰਹੇ ਤੇ ਸਤਿਗੁਰੂ ਜੀ ਉਸ ਸਮੇਂ ਸਭ ਦੇ ਦਿਲ ਦੀਆਂ ਜਾਣਨ ਲਈ ਖੜੇ ਰਹੇ। ਜਦੋਂ ਨਿਮਾਜ਼ ਹੋ ਚੁਕੀ ਤਾਂ ਸੁਲਤਾਨ ਨੇ ਪੁਛਿਆ, "ਨਾਨਕ! ਤੁਸਾਂ ਨਿਮਾਜ਼ ਕਿਉਂ ਨਹੀਂ ਪੜ੍ਹੀ। ਤੁਸਾਂ ਆਪ ਹੀ ਤੇ ਕ੍ਰਿਹਾ ਸੀ ਕਿ ਪੜ੍ਹਾਂਗਾ।" ਸਾਹਿਬ ਜੀ ਨੇ ਬੜੇ ਪਿਆਰ ਨਾਲ ਅਗੋਂ ਉਤਰ ਦਿਤਾ, "ਨਿਮਾਜ਼ ਕਿਸ ਨਾਲ ਪੜ੍ਹਦਾ ?" ਮੇਰੇ ਨਾਲ, ਸੁਲਤਾਨ ਨੇ ਝਟ ਕਹਿ ਦਿਤਾ। ਅਗੋਂ ਸਾਹਿਬਾਂ ਨੇ ਕਿਹਾ, 'ਸੁਲਤਾਨ ਜੀ! ਤੁਸੀਂ ਤੇ ਕਾਬਲ

Digitized by Panjab Digital Library | www.panjabdigilib.org

ਵਿਚ ਘੋੜੇ ਖਰੀਦ ਰਹੇ ਸੀ" ਇਹ ਸੁਣ ਕੇ ਸੁਲਤਾਨ ਬੜਾ ਸ਼ਰਮਿੰਦਾ ਹੋਇਆ, ਪਰ ਫਿਰ ਵੀ ਢੀਠਤਾਈ ਨਾਲ ਕਹਿਣ ਲਗਾ, "ਜੇ ਮੈਂ ਘੋੜੇ ਖਰੀਦ ਰਿਹਾ ਸਾਂ ਤਾਂ ਤੁਸੀਂ ਮੌਲਵੀ ਨਾਲ ਪੜ੍ਹ ਲੈਂਦੇ।" ਇਤਨੇ ਨੂੰ ਮੌਲਵੀ ਵੀ ਬੜੀ ਆਕੜ ਨਾਲ ਤੇ ਹੰਕਾਰਿਆ ਹੋਇਆ ਬੋਲਿਆ, "ਮੇਰੇ ਨਾਲ ਪੜ੍ਹਨੀ ਸੀ।" ਗੁਰੂ ਜੀ ਹਸ ਪਏ ਤੇ ਕਹਿਣ ਲਗੇ, "ਮੌਲਵੀ ਜੀ। ਤੁਸੀ ਨਿਮਾਜ਼ ਪੜ੍ਹਨ ਦੀ ਬਜਾਏ ਘਰ ਵਿਛੇਰੀ ਮਗਰ ਲਗ ਰਹੇ ਹੋ ਕਿ ਉਹ ਕਿਧਰੇ ਖੂਹ ਵਿਚ ਨਾ ਡਿਗ ਪਵੇ।" ਇਹ ਸੁਣਕੇ ਕਾਜ਼ੀ ਬਹੁਤ ਸ਼ਰਮਿੰਦਾ ਹੋਇਆ। ਉਸੇ ਵੇਲੇ ਦੋਨੋਂ ਤੇ ਹੋਰ ਵੇਖਣ ਸੁਣਨ ਵਾਲੇ ਗੁਰਦੇਵ ਜੀ ਦੀ ਚਰਨੀਂ ਲਗੇ। ਉਸੇ ਸਮੇਂ ਸਾਹਿਬਾਂ ਨੇ ਸਭ ਨੂੰ ਸਮਝਾਇਆ, "ਸਜਣੋ! ਸੱਚੀ ਨਿਮਾਜ਼ ਮਨ ਨਾਲ ਪੜ੍ਹੋ ਜਿਹੜੀ ਤੁਹਾਡੇ ਲਈ ਸਹਾਈ ਹੋਵੇ। ਬਾਕੀ ਐਵੇਂ ਦਿਖਲਾਵਾ ਕਰਨ ਦੀ ਲੋੜ ਨਹੀਂ। ਇਸੇ ਤਰ੍ਹਾਂ ਸਤਿ ਦਾ ਉਪਦੇਸ਼ ਕਰਦੇ ਹੋਏ ਅਤੇ ਜਗਿਆਸੂਆਂ ਦਾ ਉਧਾਰ ਕਰਦੇ ਹੋਏ ਐਮਨਾਬਾਦ ਭਾਈ ਲਾਲੋ ਦੇ ਘਰ ਜਾ ਬਿਰਾਜਮਾਨ ਹੋਏ। ਉਥੇ ਮੰਲਕ ਭਾਗੋ ਦਾ ਹੰਕਾਰ ਤੋੜਿਆ ਅਤੇ ਉਸਦੇ ਮੁਕਾਬਲੇ ਤੇ ਭਾਈ ਲਾਲੋ ਦੀ ਸੁਚੀ ਤੇ ਸਚੀ ਕਿਰਤ ਨੂੰ ਵਡਿਆਇਆ ਅਤੇ ਮਾਣ ਬਖਸ਼ਿਆ। ਜਿਵੇਂ ਗੁਰਬਾਣੀ ਵਿਚ ਫੁਰਮਾਇਆ ਹੈ:—

ਨੀਚਾ ਅੰਦਰ ਨੀਚ ਜਾਤ
ਨੀਚੀ ਹੂੰ ਅਤਿ ਨੀਚ।
ਨਾਨਕ ਤਿਨ ਕੇ ਸੰਗ ਸਾਥ
ਵਡਿਆਂ ਸਿਉਂ ਕਿਆ ਰੀਸ।

ਜਿਥੇ ਗੁਰਦੇਵ ਜੀ ਹਿੰਦੂ ਤੀਰਥਾਂ ਤੇ ਗਏ ਉਥੇ ਮੁਸਲਮਾਨਾਂ ਦੇ ਪਵਿਤਰ ਅਸਥਾਨਾਂ ਉਤੇ ਜਾ ਕੇ ਵੀ ਉਪਦੇਸ਼ ਦਿਤਾ। ਬਗਦਾਦ ਅਤੇ ਮਕੇ ਮਦੀਨੇ ਜਾ ਕੇ ਸਚਾ ਰਬ ਦਾ ਘਰ ਦਸਿਆ ਅਤੇ ਭਰਮ

Digitized by Panjab Digital Library | www.panjabdigilib.org

ਦੂਰ ਕਰਨ ਲਈ ਕਿਹਾ ਕਿ ਰਬ ਇਕ ਪਾਸੇ ਨਹੀਂ ਸਗੋਂ, ਉਹ ਚਾਰੇ ਪਾਸੇ ਹੈ। ਉਥੇ ਬਾਬੇ ਨੇ ਮਕੇ ਨੂੰ ਚਾਰੇ ਪਾਸੇ ਫੇਰ ਕੇ ਵਿਖਾ ਦਿਤਾ। ਜਿਵੇਂ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਲਿਖਦੇ ਹਨ :—

ਬਾਬੇ ਮਕਾ ਫੇਰਿਆ ਜ਼ਾਹਰੀ ਕਲਾ ਦਿਖਾਈ।

ਜਿਥੇ ਸਿੱਖ ਤੇ ਹਿੰਦੂ ਕਵੀਆਂ ਨੇ ਸਾਹਿਬ ਜੀ ਦੀ ਮਹਿਮਾ ਗਾਈ ਹੈ, ਉਥੇ ਮੁਸਲਮਾਨ ਕਵੀਆਂ ਨੇ ਵੀ ਗੁਰਦੇਵ ਜੀ ਦੇ ਚਰਨਾਂ ਵਿਚ ਸ਼ਰਧਾ ਦੇ ਫੂਲ ਭੇਟ ਕੀਤੇ ਹਨ। ਉਨ੍ਹਾਂ ਨੇ ਗੁਰਦੇਵ ਜੀ ਨੂੰ ਹਜ਼ਰਤ ਬਾਬਾ ਨਾਨਕ ਤੇ ਨਾਨਕ ਸ਼ਾਹ ਆਦਿ ਇਜ਼ਤ ਭਰੇ ਨਾਵਾਂ ਨਾਲ ਸਤਿਕਾਰਿਆ ਹੈ। ਸ਼ਯਦ ਮੁਹੰਮਦ ਲਤੀਫ ਸਦੀਕੀ ਆਪਣੀ ਜ਼ਬਾਨੀ ਬਿਆਨ ਕਰਦੇ ਹਨ ਕਿ ਇਨ੍ਹਾਂ ਦੇ ਜਨਮ ਸਮੇਂ ਕੋਨੇ ਕੋਨੇ ਵਿਚੋਂ ਬੜੀਆਂ ਆਵਾਜ਼ਾਂ ਆਈਆਂ, ਜਿਵੇਂ ਕਿਸੇ ਵਡੇ ਆਦਮੀ ਦੀ ਸਵਾਰੀ ਆਉਂਦੀ ਹੈ। ਇਹੋ ਹੀ ਲੇਖਕ ਲਿਖਦਾ ਹੈ ਕਿ ਆਪ ਜੀ ਦੀ ਮਿਰਤੂ ਸਮੇਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਝਗੜਾ ਹੋਇਆ ਸੀ। ਹਿੰਦੂ ਆਪ ਜੀ ਦੇ ਸਰੀਰ ਦਾ ਸਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ ਦਫਨਾਉਣਾ ਚਾਹੁੰਦੇ ਸਨ। ਇਨੀ ਦੇਰ ਨੂੰ ਇਕ ਬੰਦਾ ਆਇਆ ਤੇ ਕਹਿਣ ਲਗਾ, "ਕਿਉਂ ਝਗੜਦੇ ਹੋ। ਮੈਂ ਤਾਂ ਹੁਣੇ ਹੁਣੇ ਹੀ ਗੁਰੂ ਜੀ ਨੂੰ ਬਾਹਰ ਜਾਂਦੇ ਵੇਖਿਆ ਹੈ।" ਇਹ ਗਲ ਸੁਣ ਕੇ ਸਾਰੇ ਉਧਰ ਗਏ। ਉਨ੍ਹਾਂ ਜਾ ਕੇ ਜਦੋਂ ਚਾਦਰ ਚੁਕੀ ਤਾਂ ਉਥੇ ਸਵਾਏ ਕੁਝ ਫੁਲਾਂ ਦੇ ਹੋਰ ਕੁਝ ਵੀ ਨਹੀਂ ਸੀ। ਅਖੀਰ ਝਗੜਾ ਨਿਪਟਾਉਣ ਲਈ ਦੋਹਾਂ ਕੌਮਾਂ ਦੇ ਆਗੂਆਂ ਨੇ ਚਾਦਰ ਤੇ ਫੂਲ ਅੱਧੋ ਅੱਧ ਵੰਡ ਲਏ ਅਤੇ ਆਪੋ ਆਪਣੀ ਰੀਤੀ ਅਨੁਸਾਰ ਇਕ ਨੇ ਸਸਕਾਰ ਕੀਤਾ ਤੇ ਦੂਜੇ ਨੇ ਦਫਨਾ ਦਿਤਾ। ਇਥੇ ਹੀ ਨਾਲੋਂ ਨਾਲ ਮਕਬਰਾ ਤੇ ਸਮਾਧ ਬਣਾ ਦਿਤੇ ਗਏ ਜੋ ਰਾਵੀ ਦੇ ਹੜ੍ਹ ਨਾਲ ਰੁੜ੍ਹ ਗਏ। ਉਥੇ ਨਾ ਸਮਾਧ ਰਹੀ ਸੀ ਤੇ ਨਾ ਹੀ ਮਕਬਰਾ। (ਕਸੀਸਉਲ ਹਿੰਦ) ਇਹੋ

Digitized by Panjab Digital Library | www.panjabdigilib.org

ਹੀ ਵਿਆਖਿਆਂ ਲਤੀਫ ਨੇ ਤਾਰੀਖੇ ਪੰਜਾਬ ਵਿਚ ਬਿਆਨ ਕੀਤੀ ਹੈ, ਜਿਸਤੋਂ ਮੁਸਲਮਾਨਾਂ ਦੀ ਸ਼ਰਧਾ ਦਾ ਪਤਾ ਲਗਦਾ ਹੈ। ਫ਼ਾਨੀ ਲਿਖਦਾ ਹੈ ਕਿ ਬਾਬਾ ਨਾਨਕ ਰਬ ਦੀ ਏਕਤਾ ਦਾ ਕਾਇਲ ਸੀ, ਉਨ੍ਹਾਂ ਗਲਾਂ ਨੂੰ ਮੰਨਦਾ ਸੀ ਜੋ ਸਰਾ ਮੁਹੰਮਦੀ ਦੇ ਅਨਕੂਲ ਸਨ। ਨਾਨਕ ਮੁਸਲਮਾਨ ਬਜ਼ੁਰਗਾਂ ਦੀ ਸਲਾਘਾ ਕਰਦਾ ਸੀ ਤੇ ਦੇਵੀ ਦੇਵਤਿਆਂ ਨੂੰ ਵੀ ਸਲਾਹੁੰਦਾ ਸੀ। ਉਹ ਸਭ ਨੂੰ ਖ਼ੁਦਾ ਦੀ ਰਚਨਾ ਸਮਝਦਾ ਸੀ ਨਾ ਕਿ ਰਚਨ ਹਾਰਾ। ਉਹ ਨੂੰ ਇਨਸਾਨੀ ਜਾਮੇ ਵਿਚ ਆਉਣ ਤੋਂ ਅਤੇ ਉਸ ਨਾਲ ਅਭੇਦ ਹੋਣ ਤੋਂ ਨਾਬਰ ਸੀ। ਹਿੰਦੁਸਤਾਨ ਦੇ ਮਹਾਂ ਕਵੀ ਸਰ ਮੁਹੰਮਦ ਇਕਬਾਲ ਦੀਆਂ ਕਵਿਤਾਵਾਂ "ਨਾਨਕ ਤੇ ਹਿੰਦੁਸਤਾਨੀ ਬਚੇਂ ਕਾ ਕੌਮੀ ਗੀਤ" ਵਲ ਧਿਆਨ ਦੁਆਉਂਦੇ ਹਾਂ। ਡਾਕਟਰ ਸਾਹਿਬ ਹਿੰਦ ਦੇ ਵਡੇ ਹੈਫਾਰਮਾਂ ਨੂੰ ਮੰਨਦੇ ਹਨ। ਸ਼ੁਰੂ ਵਿਚ ਬੁਧ ਤੇ ਅਖੀਰ ਵਿਚ ਗੁਰੂ ਨਾਨਕ ਦੇਵ ਜੀ ਨੂੰ। ਕਿਸੇ ਨੇ ਪੁਛਿਆ, "ਇਕਬਾਲ! ਤੂੰ ਕਿਥੋਂ ਦਾ ਰਹਿਣ ਵਾਲਾ ਹੈ?" ਅਗੋਂ ਉਸ ਨੇ ਬੜੇ ਮਾਣ ਨਾਲ ਉਤਰ ਦਿਤਾ।—

ਚਿਸਤੀ ਨੇ ਜਿਸ ਜ਼ਿਮੀ ਮੇਂ,
ਪੈਗ਼ਾਮੇਂ ਹਕ ਸੁਨਾਇਆ।
ਨਾਨਕ ਨੇ ਜਿਸ ਚਮਨ ਮੇਂ,
ਵਾਹਦਤ ਕਾ ਮੀਤ ਗਾਇਆ।
ਤਾਤਾਰੀਉਂ ਨੇ ਜਿਸ ਕੋ,
ਆਪਨਾ ਵਤਨ ਬਨਾਇਆ।
ਜਿਸ ਨੇ ਹਿਜਾਜ਼ੀਉਂ ਸੇ,
ਦਸਤੇ ਅਰਬ ਛੁਡਾਇਆ।

Digitized by Panjab Digital Library | www.panjabdigilib.org

ਮੇਰਾ ਵਤਨ ਵੂਹੀ ਹੈ,
ਮੇਰਾ ਵਤਨ ਵੂਹੀ ਹੈ ।

(ਬਾਗੇ ਦਰਾਂ)

ਇਥੇ ਹੀ ਬਸ ਨਹੀਂ, ਨਜ਼ੀਰ ਅਕਬਰੀ ਅਬਾਦੀ ਆਪਣੀ ਉਰਦੂ ਦੀ ਨਜ਼ਮ ਵਿਚ ਲਿਖਦੇ :—

ਹੈਂ ਕਹਿਤ ਨਾਨਕ ਸ਼ਾਹ ਜਿਨੇ,
ਵੁਹ ਪੂਰੇ ਹੈਂ ਆਗਾਹ ਗੁਰੂ ।
ਵੁਹ ਕਾਮਲ ਰਹਿਬਰ ਜਗ ਮੇਂ ਹੈਂ,
ਯੂੰਹ ਰੋਸ਼ਨ ਜੈਸੇ ਗਾਹ ਗੁਰੂ ।
ਮਕਸੂਦ ਮੁਰਾਦ ਉਮੀਦ ਸਭੀ,
ਬਰਲਾਤੇ ਹੈਂ ਦਿਲ ਖਾਹ ਗੁਰੂ ।
ਨਿਤ ਲੁਤਫੋ ਕਰਮ ਸੇ ਕਰਤੇ ਹੈਂ,
ਹਮ ਲੋਗੋਂ ਕਾ ਨਿਰਬਾਹ ਗੁਰੂ ।
ਇਸ ਬਖਸ਼ਸ਼ ਕੇ ਇਸ ਅਜ਼ਮਤ ਕੇ,
ਹੈਂ ਬਾਬਾ ਨਾਨਕ ਸ਼ਾਹ ਗੁਰੂ ।
ਸਭ ਸੀਸ ਝੁਕਾ ਅਰਦਾਸ ਕਰੋ,
ਔਰ ਹਰਦਮ ਬੋਲੋ ਵਾਹਿਗੁਰੂ ।

ਅਖੀਰ ਵਿਚ ਲਿਖਦੇ ਹਨ :—

ਜੋ ਲੁਤਫੋ ਇਨਾਇਤ ਇਨ ਮੇਂ ਹੈ,
ਕਬ ਵਸਫ ਕਿਸੀ ਸੇ ਉਨਕਾ ਹੈ ।

Digitized by Panjab Digital Library | www.panjabdigilib.org

ਵਹੁ ਲੁਤਫੋ ਕਰਮ ਜੋ ਕਹਿਤੇ ਹੈਂ,
ਹਰਿ ਚਾਰ ਤਰਫ ਹੈ ਜ਼ਾਹਿਰ ਵਹੁ ।
ਅਲਤਾਫ਼ ਜਿਨੋ ਪਰ ਹੈ ਉਨਕੋ,
ਸੋ ਖ਼ੂਬੀ ਹਾਸਲ ਹੈ ਉਨ ਕੋ ।
ਰਹਿ ਆਨ "ਨਜੀਰ" ਅਬ ਯਾਂ ਤੁਮਭੀ,
ਯਾ ਨਾਨਕ ਨਾਨਕ ਸ਼ਾਹ ਕਹੋ ।

(ਕੁਲੀਆਤੇ ਨਜ਼ੀਰ)

ਇਸ ਤਰ੍ਹਾਂ ਦੇਸ ਦੇ ਹਾਲਾਤ ਵੇਖ ਕੇ ਤੇ ਬ੍ਰਾਹਮਣਾਂ ਦੀ ਕਮਜ਼ੋਰੀ ਤੇ ਖ਼ੁਦਗਰਜ਼ੀ ਨੂੰ ਬਿਆਨ ਕਰਦੇ ਹੋਏ ਸਰ ਇਕਬਾਲ ਲਿਖਦੇ ਹਨ ਤੇ ਨਾਲ ਹੀ ਅਫ਼ਸੋਸ ਵੀ ਕਰਦੇ ਹਨ ਕਿ ਇਸ ਧਰਤੀ ਤੇ ਰਹਿਮਤਾਂ ਦੀ ਬਾਰਸ਼ ਤਾਂ ਹੋਈ ਪਰ ਜਮੀਨ ਇਸਦੇ ਕਾਬਲ ਨਹੀਂ ਸੀ । ਜਮੀਨ ਵਿਚ ਈਰਖਾ, ਖ਼ੁਦਗਰਜ਼ੀ ਅਤੇ ਜ਼ੁਲਮ ਦਾ ਬੀਜ ਬੱਝਿਆ ਹੋਇਆ ਸੀ । ਲੋਕੀਂ ਡਰਪੋਕ ਤੇ ਖ਼ੁਦਗਰਜ਼ ਸਨ । ਇਸ ਸਾਰੇ ਹਾਲਾਤ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ :—

ਕੌਮ ਨੇ ਪੈਗ਼ਾਮੇ ਗੌਤਮ ਦੀ,
ਜਰਾ ਪਰਵਾਹ ਨਾ ਕੀ ।
ਕਦਰ ਪਹਿਚਾਨੀ ਨਾ ਆਪਣੇ,
ਗੋਹਰ ਯਕ ਦਾਨਾ ਕੀ ।
ਆਹ ਬਦ ਕਿਸਮਤ ਰਹੇ,
ਅਦਾਜ਼ੇ ਹਕ ਸੇ ਬੇਖਬਰ ।

Digitized by Panjab Digital Library | www.panjabdigilib.org

ਗਾਫ਼ਿਲ ਅਪਣੇ ਫਲ ਕੀ,
ਸ਼ਰੀਨੀ ਸੇ ਹੋਤਾ ਹੈ ਸ਼ਜਰ ।
ਅਸ਼ਕਾਰ ਉਸਨੇ ਕੀਆ,
ਜੋ ਜ਼ਿੰਦਗੀ ਕਾ ਰਜ਼ਾ ਥਾ ।
ਹਿੰਦ ਕੋ ਲੇਕਿਨ ਖ਼ਿਆਲੀ,
ਫਲਸਫੇ ਪਰ ਨਾਜ਼ ਥਾ ।
ਸ਼ਮ੍ਹੇ ਹਕ ਸੇ ਜੋ ਮੁਨਵਰ ਹੋ,
ਯੇਹ ਮਹਿਫ਼ਲ ਨਾ ਥੀ ।
ਬਾਰਸ਼ੇ ਰਹਿਮਤ ਹੋਈ,
ਲੇਕਿਨ ਜ਼ਿਮੀ ਕਾਬਲ ਨਾ ਥੀ ।
ਆਹ ਸ਼ੂਦਰ ਕੇ ਲੀਏ,
ਹਿੰਦੋਸਤਾਂ ਗ਼ਮਖਾਨਾ ਹੈ ।
ਦਰਦੇ ਇਨਸਾਨੀ ਸੇ,
ਇਸ ਬਸਤੀ ਕਾ ਘਰ ਬੇਗਾਨਾ ਹੈ ।
ਬਰਹਮਨ ਸ਼ਰਸਾਰ ਹੈ,
ਅਬ ਤਕ ਮਏ ਪੰਦਾਰ ਮੇਂ,
ਸਮ੍ਹੇਂ ਗੋਤਮ ਜਲ ਰਹੀ ਹੈ,
ਮਹਿਫਲੇ ਅਗਯਾਰ ਮੇਂ ।
ਬੁਤ ਕਦਾ ਫਿਰ ਬਾਅਦ ਮੁਦੱਤ,
ਕੇ ਮਗਰ ਰੋਸ਼ਨ ਹੂਆ ।

Digitized by Panjab Digital Library | www.panjabdigilib.org

ਨੂਰੇ ਇਬਰਾਹੀਮ ਸੇ ਆਜ਼ਰਕਾ,
ਘਰ ਰੋਸ਼ਨ ਹੂਆ।
ਫਿਰ ਉਠੀ ਆਖ਼ਿਰ ਸਦਾ,
ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਿਲ,
ਨੇ ਜਗਾਇਆ ਖ਼ਾਬ ਸੇ।
(ਬਾਂਗੇ ਦਰਾਂ)

ਸੋ ਹੁਣ ਅਸੀਂ ਉਸ ਹਜ਼ਰਤ ਬਾਬਾ ਨਾਨਕ ਜੀ ਦਾ ਪੰਜ ਸੋ ਸਾਲਾ ਜਨਮ ਉਤਸਵ ਪੂਰਬ ਮਨਾ ਰਹੇ ਹਾਂ, ਜਿਸ ਨੂੰ ਮੁਸਲਮਾਨਾਂ ਹਜ਼ਰਤ ਬਾਬਾ ਨਾਨਕ ਅਤੇ ਵਲੀ ਅਲਾ ਕਹਿਕੇ ਸਤਿਕਾਰਿਆ ਤੇ ਅਦਬ ਕੀਤਾ। ਇਸੇ ਤਰ੍ਹਾਂ ਅਸੀਂ ਵੀ ਅਜ ਦੇ ਦਿਨ ਅਰਦਾਸ ਕਰੀਏ ਕਿ ਸਤਿਗੁਰੂ ਜੀ ਸਾਨੂੰ ਵੀ ਸ਼ਕਤੀ ਬਖਸ਼ਨ, ਜੋ ਅਸੀਂ ਗੁਰਦੇਵ ਜੀ ਦੇ ਪੂਰਨਿਆਂ ਤੇ ਚਲ ਕੇ ਏਕਤਾ ਦਾ ਨਾਹਰਾ ਲਗਾ ਸਕੀਏ। ਸਾਡਾ ਪੂਰਬ ਮਨਾਉਣਾ ਤਾਂ ਹੀ ਸਫਲ ਹੈ ਜੇ ਅਸੀਂ ਗੁਰਦੇਵ ਜੀ ਦੇ ਉਪਦੇਸ਼ ਨੂੰ ਘਰ ਘਰ ਪਹੁਚਾਈਏ। ਇਸ ਤਰ੍ਹਾਂ ਕਰਨ ਨਾਲ ਹੀ ਫਿਰ ਸਤਿਗੁਰੂ ਜੀ ਦਾ ਮਿਸ਼ਨ ਪੂਰਾ ਹੁੰਦਾ ਹੈ:—

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਦ ਦਾ ਭਲਾ।

Digitized by Panjab Digital Library | www.panjabdigilib.org

# ਕਲ ਤਾਰਨ ਕੋ ਗੁਰੂ ਨਾਨਕ ਆਇਓ

ਮਾਸਟਰ ਹਰਬੰਸ ਲਾਲ ਸ਼ਰਮਾ ਪੰਜਾਬੀ ਕਵੀ
(ਰੇਡੀਓ ਆਰਟਿਸਟ, ਅੰਬਾਲਾ ਸ਼ਹਿਰ)।

ਪਾਪ ਪ੍ਰਚੰਡ, ਭਯੋ ਨਵ ਖੰਡ ਮੇਂ,
ਘੋਰ ਘਮੰਡ ਬ੍ਰਹਿਮੰਡ ਮੇਂ ਛਾਇਓ ।
ਦਾਨਵ ਦੁਸ਼ਟ ਅਰ ਦੈਂਤ ਬੜ੍ਹੇ ਜਬ,
ਧਰਮ ਉਡਿਓ ਨਿਜ ਪੰਥ ਲਗਾਇਓ ।
ਯੋਗ ਨਾ ਧਿਆਨ, ਨਾ ਧਰਮ ਨਾ ਗਿਆਨ,
ਨਾ ਪੁੰਨ ਨਾ ਦਾਨ, ਜਹਾਨ ਕੋ ਭਾਇਓ ।
ਤਾਸ ਸਮੇਂ ਲਖ ਦੀਨ ਦਸ਼ਾ,
ਕਲਿ ਤਾਰਨ ਕੋ ਗੁਰੂ ਨਾਨਕ ਆਇਓ ।

— — — —

ਪਾਪ ਗ੍ਰਸੀ ਸਗਰੀ ਧਰਤੀ,
ਤਮ ਦੇਸ਼ ਬੜ੍ਹੇ ਅਤਿ ਹੀ ਦੁੱਖ ਪਾਇਓ ।

Digitized by Panjab Digital Library | www.panjabdigilib.org

ਕੁੰਜਰ ਹੰਸ ਸਿਉਂ ਛੀਨ ਲਈ ਗਤੀ,
ਦੀਨ ਦੁਖੀ ਹਾ ਹਾ ਕਾਰ ਮਚਾਇਓ ।
ਭੂਲ ਗਇਓ ਨਰ ਸਤਿਆ ਸੰਲੰਭਣ,
ਪਾਹੁਨ ਪੂਜਨ ਕੋ ਉਠ ਧਾਇਓ ।
ਤਾਸ ਸਮੇਂ ਧਰ ਰੂਪ ਕਵੀ,
ਕਲਿ ਤਾਰਨ ਕੋ ਗੁਰੂ ਨਾਨਕ ਆਇਓ ।

---

ਸੀਤਲ ਮੰਦ ਸੁਗੰਧ ਅਨੰਦ,
ਲੀਏ ਨਭ ਚੰਦ ਧਰਾ ਪਰ ਆਇਓ ।
ਘੋਰ ਘਟਾ ਰਸ ਰੂਪ ਰਸਾ,
ਰਸ ਹੀਨ ਧਰਾ ਰਸ ਮੇਂ ਸਰਸਾਇਓ ।
ਸਿੰਧੁ ਸਰੋਵਰ ਤਾਲ ਨਦੀ ਨਦ,
ਪੂਰ ਗਏ ਰਸ ਰਸ ਮੇਂ ਪਸਰਾਇਓ ।
ਬ੍ਰਿਖੜ ਲਤਾ ਬਨ ਬੇਲ ਰੁਠੇ,
ਕਲ ਤਾਰਨ ਕੋ ਗੁਰੂ ਨਾਨਕ ਆਇਓ ।

---

ਰੂਪ ਰਵੀ ਧਰ, ਤੇਜ ਸ਼ਸੀ ਸਮ,
ਸੀਤਲ ਬੈਨ ਕਿ ਸਰਲ ਸੁਭਾਇਓ ।
ਰਸਿਕ ਮਨੋਹਰ ਵਚਨ ਸੁਧਾ ਸਦ,
ਕੋਮਲ ਕੰਠ ਮਧੁਰ ਸੂਰ ਗਾਇਉ ।
ਨੈਨਨ ਬਾਟ ਨਿਹਾਰਤ ਕੇ,
ਚਿਤ ਚੈਨ ਭਯੋ ਸੁਖ ਸਹਿਜ ਸਮਾਇਓ ।
ਵਿਸ਼ਵ ਕਾ ਭਾਰ ਉਤਾਰਨ ਕੋ,
ਕਲ ਤਾਰਨ ਕੋ ਗੁਰੂ ਨਾਨਕ ਆਇਓ ।

Digitized by Panjab Digital Library | www.panjabdigilib.org

ਸਾਂਝ ਭਈ ਸੁਖ ਕੀ ਜਗ ਮੇਂ,
ਅਨੁਰੋਧ ਮਿਟੇ ਜਨ ਜੀਵਨ ਪਾਇਓ ।
ਮੋਦ ਪ੍ਰਮੋਦ ਵਿਨੋਦ ਭਰੇ ਰਸ,
ਕੋਮਲ ਕੰਠ ਕਮੋਦਨ ਗਾਇਓ ।
ਪ੍ਰੀਤ ਕੀ ਰੀਤ ਕਿ ਪਰਮ ਪੁਨੀਤ,
ਅਤੀਤ ਕਾ ਗੀਤ ਕਿ ਮੀਤ ਸਖਾਯੋ ।
ਅੰਗ ਉਮੰਗ ਤ੍ਰੰਗ ਭਰੀ,
ਕਲ ਤਾਰਨ ਕੋ ਗੁਰੂ ਨਾਨਕ ਆਇਓ ।

———

ਚਕ੍ਰਿਤ ਭਯੋ ਜਗਤ ਲੋਇਨ ਦੇਖ ਕੇ,
ਦੰਤਨ ਦੇਖ ਕਲੀ ਸੁਕਚਾਇਓ ।
ਲਾਲ ਗੁਲਾਲ ਸੇ ਹੋਂਠਨ ਕੋ ਤੱਕ,
ਡਾਲ ਪਿ ਫੂਲ ਗੁਲਾਬ ਲਜਾਇਓ ।
ਕੋਕਿਲਾ ਕੰਠ ਕੇ ਕੋਕਿਲਾ ਵੇਖਕੇ,
ਕੰਠ ਸੇ ਕੂਹੂ ਕਾ ਸ਼ਬਦ ਅਲਾਇਓ ।
ਟੇਰਤ ਪੀ ਹੂ ਪਪੀਹਾ ਕਹੇ,
ਕਲਿ ਤਾਰਨ ਕੋ ਗੁਰੂ ਨਾਨਕ ਆਇਓ ।

———

ਤ੍ਰਿਪਤ ਭਈ ਤ੍ਰਿਪਤਾ ਮਨ ਮੇਂ,
ਤ੍ਰਿਪਤੇ ਮਨ ਕੋ ਤ੍ਰਿਪਤਾ ਤ੍ਰਿਪਤਾਇਓ ।
ਕਾਲੂ ਪਿਤਾ ਤਿਹੂੰ ਕਾਲ ਤਕੇ,
ਕਾਲੂ ਕਾਲ ਵਿਖੇ ਸਮ ਕਾਲ ਸਹਾਇਓ ।
ਨਾਨਕੀ ਨਾਨਕ ਰੂਪ ਭਈ ਤਬ,
ਨਾਨਕ ਨਾਨਕੀ ਕੋ ਅਤੀ ਭਾਇਓ ।

Digitized by Panjab Digital Library | www.panjabdigilib.org

ਤੌ ਰਾਏ ਬੁਲਾਰ ਭੀ ਬੋਲ ਉਠਾ,
ਕਲ ਤਾਰਨ ਕੋ ਗੁਰੂ ਨਾਨਕ ਆਇਓ ।

————

ਭਾਨੁ ਪ੍ਰਕਾਸ਼ ਅਨੂਪ ਭਯੋ,
ਜਗ ਸੇ ਜਿਸ ਧੁੰਦ ਕਾ ਨਾਮ ਮਿਟਾਇਓ ।
ਸਿੰਘ ਬੁਕੇ ਮ੍ਰਿਗਾਵਲੀ ਜਿਉਂ ਕਰ,
ਭੈਨੀ ਜਾਏ ਨਾ ਧੀਰ ਧਰਾਇਓ ।
ਕਲ ਕੇ ਕਾਤੀ, ਕਸਾਈ ਸੇ ਰਾਜਾ,
ਭੀ ਮੋਹੇ ਗਏ ਸਭੀ ਸੀਸ ਝੁਕਾਇਓ ।
ਧਾ ਜਗ ਕੇ ਭਲੇ ਭਾਗ ਭਯੋ,
ਕਲ ਤਾਰਨ ਕੋ ਗੁਰੂ ਨਾਨਕ ਆਇਓ ।

————

ਜਾਗਿਓ ਜੁੱਗ, ਮਹੀ ਖਗ ਬ੍ਰਿੰਦ,
ਚਰਾ ਚਰ ਜੀਵ ਮਹਾਂ ਯਸ਼ ਗਾਇਓ ।
ਮੁੰਜਲ ਮਾਲਤੀ, ਅੰਬਨ ਕੇ ਰਸ,
ਰੂਪ ਗੁਲਾਬਨ ਪਿ ਨਵ ਛਾਇਓ ।
ਕੁੰਜ ਨਿਕੁੰਜਨ ਪੁਸ਼ਪ ਖਿਲੇ ਤਬ,
ਸੋਭਤ ਸੇਵਤੀ ਰੂਪ ਸਵਾਇਓ ।
ਭਾਗਿਯ ਸੇ ਫੂਲ ਸਰੋਜ ਮਿਲਿਓ,
ਕਲ ਤਾਰਨ ਕੋ ਗੁਰੂ ਨਾਨਕ ਆਇਓ ।

————

ਪਾਪ ਸਰਾਪ ਕੇ ਤਾਪ ਮਿਟਿਓ,
ਜੁਗ ਜਾਪ ਜਪੇ, ਜਪ ਜਾਪ ਜਪਾਇਓ ।

Digitized by Panjab Digital Library | www.panjabdigilib.org

ਬਾਰ ਵਵੇਕ ਅਨੇਕ ਗੁਨਾਂ ਨਿਧ,
ਧਿਆਨ ਧਰਿਯੋ ਜਪ ਜੋਗ ਸਿਖਾਇਓ ।
ਸਾਧਨਾ ਸਾਧ ਕੇ ਸੀਤ ਸੁਗੰਧਿਤ,
ਮੰਦ ਸੁਮੇਰ ਸਾ ਰੂਪ ਬਨਾਇਓ ।
ਰੋਗ ਮਿਟੇ ਸਭੀ ਸੋਗ ਗਏ,
ਕਲ ਤਾਰਨ ਕੋ ਗੁਰੂ ਨਾਨਕ ਆਇਓ ।

———

ਘਾਵ ਅਨੇਕ ਲਗੇ ਜਗ ਕੋ,
ਦੁਖ ਕਸ਼ਟ ਕਲੇਸ਼ ਦਲਿਦਰ ਮਿਟਾਇਓ ।
ਨਿਸ ਬਾਸੁਰ ਏਕ ਹੀ ਧਿਆਨ ਧਰਿਯੋ,
ਅਰ ਏਕ ਮੇਂ ਰੂਪ ਅਨੇਕ ਦਿਖਾਇਓ ।
ਸਾਂਝ ਭਈ ਸੁਖ ਸਾਧਨ ਕੀ,
ਸੁਖ ਸੁੰਦਰ ਸਾਹਸ ਸੰਗ ਲਿਆਇਓ ।
ਪਗੀ ਪੂਰਨ ਰੂਪ "ਹਰਬੰਸ" ਪ੍ਰਭੂ,
ਕਲ ਤਾਰਨ ਕੋ ਗੁਰੂ ਨਾਨਕ ਆਇਓ ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਦੇਵ ਜੀ
## ਦੀਆਂ
# ਉਦਾਸੀਆਂ

ਸਰਦਾਰ ਜੀ. ਬੀ. ਸਿੰਘ ਜੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੀ ਦੁਖੀਆਂ ਦੇ ਦੁਖ ਨਵਿਰਤ ਕਰਨ ਲਈ ਅਤੇ ਇਸ ਧਰਤੀ ਤੋਂ ਪਾਪਾਂ ਦਾ ਭਾਰ ਦੂਰ ਕਰਨ ਹੀ ਹੋਇਆ ਸੀ। ਸਤਿਗੁਰੂ ਜੀ ਨੇ ਮੋਦੀਖਾਨੇ ਦੀ ਕਾਰ ਕਰਨ ਸਮੇਂ ਤੇਰਾ ਹੀ ਤੇਰਾ ਕਹਿਕੇ ਸਭ ਦੀ ਆਸ ਪੂਰਨ ਕਰਨ ਵਿਚ ਲਗੇ ਰਹੇ। ਪਰ ਦੋਖੀਆਂ ਨੂੰ ਇਹ ਗਲ ਚੰਗੀ ਨਾ ਲਗੀ ਉਨ੍ਹਾਂ ਨੇ ਸੁਲਤਾਨ ਕੋਲ ਸ਼ਕਾਇਤ ਕੀਤੀ ਤੇ ਹਿਸਾਬ ਕਰਨ ਤੇ ਵਾਧਾ ਨਿਕਲਿਆ। ਇਹ ਵਾਧਾ ਵੀ ਸਤਿਗੁਰੂ ਜੀ ਨੇ ਆਪਣੇ ਨਿਝੀ ਲਾਭ ਲਈ ਨਹੀਂ ਵਰਤਿਆ ਸਗੋਂ ਉਹ ਵੀ ਦਾਤੇ ਦੇ ਨਾਂ ਤੇ ਹੀ ਲਾ ਦਿਤਾ।

ਇਹ ਕੁਝ ਕਰ ਚੁਕਣ ਮਗਰੋਂ ਭਾਈ ਗੁਰਦਾਸ ਜੀ ਦੇ ਕਰਨ ਅਨੁਸਾਰ :—

ਬਾਬਾ ਦੇਖੇ ਧਿਆਨ ਧਰ
ਸਭ ਪ੍ਰਿਥਵੀ ਜਲਤੀ ਦਿਸ ਆਈ।

Digitized by Panjab Digital Library | www.panjabdigilib.org

ਜਗਤ ਜਲੰਦੇ ਨੂੰ ਠੰਢ ਵਰਤਾਉਣ ਲਈ ਕਮਰ ਕਸੇ ਕਰ ਲਏ ਤੇ ਘਰ ਬਾਹਰ ਤਿਆਗ ਕੇ ਦੇਸ਼ ਦਿਸਾਂਤਰਾਂ ਦਾ ਦੌਰਾ ਆਰੰਭ ਕਰ ਦਿਤਾ । ਇਸ ਸਮੇਂ ਵਿਚ ਗੁਰਦੇਵ ਜੀ ਨੇ ਰੋੜਾਂ ਦੀ ਵਿਛਾਈ ਕੀਤੀ । ਮੰਜੇ ਤੇ ਬਿਸਤਰੇ ਦਾ ਤਿਆਗ ਕਰਕੇ ਗਰਮੀ ਸਰਦੀ ਦੀ ਪਰਵਾਹ ਨਾ ਕਰਦੇ ਹੋਏ ਝਖੜਾਂ ਮੀਹਾਂ ਵਿਚੋਂ ਦੀ ਵਿਚਰਦੇ ਹੋਏ ਅਗੇ ਹੀ ਅਗੇ ਵਧਦੇ ਚਲੇ ਗਏ । ਇਸ ਵਿਚ ਵਿਚਰਨ ਵਾਲੇ ਸਮੇਂ ਵਿੱਚ ਦਰਖਤਾਂ ਦੇ ਥਲੇ ਆਰਾਮ ਕੀਤਾ । ਅੱਕ ਢੱਕ ਆਦਿਕ ਚੀਜ਼ਾਂ ਦਾ ਆਹਾਰ ਕੀਤਾ । ਇਸ ਵਿਚਰਦੇ ਸਮੇਂ ਵਿਚ ਨਾਲ ਨਾਲ ਘੋਰ ਤਪਸਿਆ ਵੀ ਕਰਦੇ ਰਹੇ । ਉਸ ਸਮੇਂ ਆਵਾ ਜਾਈ ਦੇ ਕੋਈ ਸਾਧਨ ਨਹੀਂ ਸਨ । ਜੰਗਲਾਂ, ਪਹਾੜਾਂ, ਨਦੀਆਂ, ਨਾਲਿਆਂ ਤੇ ਹੋਰ ਬਿਖੜਿਆਂ ਰਾਹਾਂ ਤੇ ਸਫਰ ਕਰਨਾ ਕੋਈ ਸੌਖਾ ਕੰਮ ਨਹੀਂ ਸੀ । ਸਗੋਂ ਪੈਦਲ ਚਲ ਕੇ ਹਰ ਪਰਕਾਰ ਦੇ ਦੁਖੜੇ ਝਲਣੇ ਪੈਂਦੇ ਸਨ ਜੋ ਗੁਰਦੇਵ ਜੀ ਨੇ ਖਿੜੇ ਮੱਥੇ ਝਲੇ ਤੇ ਭੁਲੇ ਭਟਕਿਆਂ ਨੂੰ ਸਿੱਧੇ ਰਾਹੇ ਪਾਕੇ ਸਦਾ ਲਈ ਜੀਵਨ ਮੁਕਤ ਕੀਤਾ । ਇਸ ਤਰ੍ਹਾਂ ਸਤਿਗੁਰੂ ਜੀ ਨੇ ਸੰਸਾਰੀ ਜੀਵਾਂ ਦਾ ਉਧਾਰ ਕਰਨ ਲਈ ਦੁਖ ਸੁਖ ਇਸ ਸਮਾਨ ਜਾਣ ਕੇ ਚਾਰ ਉਦਾਸੀਆਂ (ਯਾਤਰਾਵਾਂ) ਕੀਤੀਆਂ । ਜਿਨ੍ਹਾਂ ਦਾ ਹਾਲ ਅਗੇ ਲਿਖਿਆ ਜਾ ਰਿਹਾ ਹੈ ।

## ਪਹਿਲੀ ਉਦਾਸੀ

ਇਹ ਯਾਤਰਾ ਗੁਰੂ ਜੀ ਨੇ ਸੰਮਤ ੧੫੫੬ ਬਿਕਰਮੀ ਨੂੰ ਅਰੰਭ ਕੀਤੀ । ਇਸ ਸਮੇਂ ਤਿੰਨ ਤਰ੍ਹਾਂ ਦੇ ਧਾਰਮਿਕ ਅਸਥਾਨ ਪਰਸਿਧ ਸਨ—੧. ਹਿੰਦੂਆਂ ਦੇ ਤੀਰਥ, ੨, ਜੋਗੀਆਂ ਦੇ ਮਠ ੩. ਇਸਲਾਮ ਦੇ ਕੇਂਦਰੀ ਅਸਥਾਨ । ਭਾਰਤ ਵਿਚ ਇਸ ਸਮੇਂ ਮੁਸਲਮਾਨੀ ਹਕੂਮਤ ਕਾਇਮ ਸੀ । ਉਨ੍ਹਾਂ ਦੇ ਮਸ਼ਹੂਰ, ਸਯਦ, ਪੀਰ, ਫਕੀਰ ਮੁਸਲਮਾਨੀ ਸ਼ਰਾ ਦਾ ਪਰਚਾਰ ਕਰ ਰਹੇ ਸਨ ਤੇ

Digitized by Panjab Digital Library | www.panjabdigilib.org

ਜਬਰੀ ਹੀ ਧਰਮ ਬਦਲਣ ਲਈ ਕਈ ਪਰਕਾਰ ਦੇ ਤਸੀਹੇ ਦੇ ਕੇ ਮਜਬੂਰ ਕਰ ਦਿਤੇ ਜਾਂਦੇ ਸਨ ਕਿ ਉਹ ਇਸਲਾਮ ਵਿਚ ਆ ਜਾਣ। ਇਸਦੇ ਉਲਟ ਗੁਰਦੇਵ ਜੀ ਜਨਤਾ ਨੂੰ ਜਗਾਣਾ ਚਾਹੁੰਦੇ ਸਨ। ਇਸਤਰ੍ਹਾਂ ਜਾਗਰਤੀ ਲਿਆਉਣ ਲਈ ਹੀ ਉਨ੍ਹਾਂ ਨੂੰ ਇਹ ਲੰਬੇ ਸਫਰ ਕਰਨੇ ਪਏ।

ਸਭ ਤੋਂ ਪਹਿਲੋਂ ਲਾਹੌਰ ਗਏ ਜਿਥੇ ਪਿਤਰਾਂ ਦੇ ਭੋਜ ਯਾਨੀ ਸਰਾਧ ਦਾ ਖੰਡਨ ਕੀਤਾ ਤੇ ਦੂਜਿਆਂ ਨੂੰ ਮਾਰਨ ਤੋਂ ਵਰਜਿਆ ਅਤੇ ਰਬੀ ਬਾਣੀ ਰਾਹੀਂ ਸਮਝਾਇਆ ਕਿ ਆਪਣੇ ਪੇਟ ਦੀ ਖਾਤਰ ਜੀਵਾਂ ਤੇ ਜ਼ੁਲਮ ਨਾ ਕਰੋ ਤੇ ਨਾ ਹੀ ਜੀਵ ਹਤਿਆ ਕਰਕੇ ਆਪਣਾ ਪੇਟ ਭਰੋ। ਇਥੋਂ ਚਲਕੇ ਐਮਨਾਬਾਦ ਪਹੁੰਚੇ ਜਿਥੇ ਭਾਈ ਲਾਲੋ ਰਹਿੰਦਾ ਸੀ। ਉਥੇ ਹੀ ਇਕ ਧਨਾਢ ਮਲਕ ਭਾਗੋ ਵੀ ਰਹਿੰਦਾ ਸੀ। ਉਸਦੇ ਬ੍ਰਹਮ ਭੋਜ ਸਮੇਂ ਉਸਦਾ ਵੀ ਹੰਕਾਰ ਤੋੜਿਆ ਤੇ ਨੇਕ ਤੇ ਸੁਚੀ ਕਮਾਈ ਕਰਨ ਦੀ ਪ੍ਰੇਰਨਾ ਕੀਤੀ। ਜਿਸਤੋਂ ਉਸਨੇ ਅਗੋਂ ਲਈ ਸਿਧੇ ਰਸਤੇ ਤੇ ਚਲਣ ਲਈ ਪ੍ਰਣ ਕੀਤਾ। ਇਥੋਂ ਅੰਮ੍ਰਿਤਸਰ ਆਦਿਕ ਤੀਰਥਾਂ ਤੋਂ ਹੁੰਦੇ ਹੋਏ ਹਰਦਵਾਰ ਆਦਿਕ ਤੀਰਥਾਂ ਤੇ ਲੋਕਾਂ ਦੇ ਭਰਮ ਦੂਰ ਕਰਦੇ ਹੋਏ ਗੋਰਖ ਮਤੇ ਜਾੜੇ ਰੀਠੇ ਦੇ ਦਰਖਤ ਹੇਠਾਂ ਬੈਠ ਗਏ। ਸਿਧਾਂ ਨਾਲ ਚਰਚਾ ਹੋਈ। ਉਨ੍ਹਾਂ ਨੂੰ ਸਿਧੇ ਰਸਤੇ ਲਾਇਆ। ਇਥੋਂ ਅਯੁਧਿਆ, ਪਰਯਾਗ, ਬਨਾਰਸ, ਆਦਿਕ ਸਥਾਨਾਂ ਤੇ ਹੁੰਦੇ ਹੋਏ ਦਿਲੀ ਪੁਜੇ। ਵਕਤ ਦੇ ਹਾਕਮ ਨੂੰ ਉਸਦੇ ਜ਼ੁਲਮਾਂ ਦੀ ਕਹਾਣੀ ਦਸ ਕੇ, ਚੰਗੇ ਕੰਮ ਕਰਨ ਦੀ ਪ੍ਰੇਰਨਾ ਕੀਤੀ ਕਿ ਗਰੀਬਾਂ ਤੇ ਜ਼ੁਲਮ ਕਰਨਾ ਖੁਦਾਈ ਦੇ ਖਿਲਾਫ ਚਲਨਾ ਹੈ। ਇਸ ਤਰ੍ਹਾਂ ਉਸਨੂੰ ਉਪਦੇਸ਼ ਦੇ ਕੇ ਅਗੇ ਚਲ ਪਏ। ਇਥੋਂ ਹੋਰ ਥਾਵਾਂ ਤੋਂ ਹੁੰਦੇ ਹੋਏ ਕੁਰਖਸ਼ੇਤਰ ਪੁਜੇ। ਉਥੋਂ ਦੇ ਪਾਂਡਿਆਂ ਨੂੰ ਉਪਦੇਸ਼ ਕੀਤਾ। ਉਪਰੰਤ ਪਹੋਆ, ਕਰਨਾਲ, ਪਾਨੀਪਤ ਪੁਜੇ। ਇਥੇ ਪੀਰ ਸ਼ਾਹ ਸ਼ਰਫ ਨੂੰ ਸੁਮੱਤੇ ਲਾਇਆ ਇਥੋਂ ਹਰਦਵਾਰਾ ਤੋਂ ਘੁਮਦੇ ਹੋਏ ਅਲੀਗੜ੍ਹ, ਮਥਰਾ ਬਿੰਦਰਾਬਨ

Digitized by Panjab Digital Library | www.panjabdigilib.org

ਆਗਰਾ, ਕਾਨ੍ਹਪੁਰ, ਲਖਨਊ ਤੋਂ ਹੁੰਦੇ ਹੋਏ ਅਯੁਧਿਆ ਵਿਖੇ ਉਪਦੇਸ ਦੇ ਕੇ ਤੇ ਭੁਲਿਆਂ ਨੂੰ ਸਿਧੇ ਰਾਹੇ ਪਾਕੇ ਬਨਾਰਸ ਪਹੁੰਚੇ। ਇਥੇ ਚਤਰ ਦਾਸ ਪੰਡਿਤ ਦੇ ਪਖੰਡ ਨੂੰ ਤੋੜ ਕੇ ਉਸਨੂੰ ਸੁਮੱਤ ਦਿਤੀ ਤੇ ਜੀਵਨ ਦੀ ਜਾਚ ਸਿਖਾਈ। ਇਥੋਂ ਜੌਨਪੁਰ, ਛਪਰਾ, ਬਕਸਰ ਦੇ ਰਸਤੇ ਗਯਾ ਜਾ ਪਹੁੰਚੇ। ਇਥੇ ਅਗੇ ਬੋਧ, ਮੰਗੇਰ, ਭਾਗਲਪੁਰ, ਰਾਜ ਮਹੱਲ, ਢਾਕਾ, ਗੁਹਾਟੀ, ਸਿਲਟ ਵਿਚੋਂ ਹੁੰਦੇ ਹੋਏ ਅਤੇ ਸਤਿ ਦਾ ਉਪਦੇਸ਼ ਕਰਦੇ ਹੋਏ ਲਖਾਂ ਹੀ ਜੀਵਾਂ ਦਾ ਉਧਾਰ ਕੀਤਾ। ਇਥੋਂ ਅਗੇ ਕਾਮ ਰੂਪ ਦੇ ਇਲਾਕੇ ਵਿਚ ਜਾ ਪੁਜੇ। ਜਿਥੇ ਹੋਰ ਜੀਵਾਂ ਦਾ ਉਧਾਰ ਕੀਤਾ ਉਥੇ ਰਾਣੀ ਨੂਰ ਸ਼ਾਹ ਨੂੰ ਖਾਸ ਤੌਰ ਤੇ ਉਪਦੇਸ਼ ਦਿਤਾ ਤੇ ਇਸ ਸੰਸਾਰ ਵਿਚ ਆਉਣ ਦਾ ਸਹੀ ਨਿਸ਼ਾਨਾ ਦਸਿਆ ਅਤੇ ਉਸਨੂੰ ਧਰਮ ਦੇ ਮਾਰਗ ਤੇ ਲਾਇਆ। ਇਥੋਂ ਮਣੀਪੁਰ ਬੰਬਾਕ (ਸਿਆਮ) ਕਾਮਟਨ ਨਾਨਕ (ਚੀਨ) ਕਿਉਟੋ ਜਾਪਾਨ" ਤੋਂ ਹੁੰਦੇ ਹੋਏ ਸੰਘਾਈ, ਸਿੰਘ ਪੁਰ, ਕਲਕੱਤਾ ਹੁਗਲੀ, ਨਦੀਆ, ਚਿੰਨ, ਚੰਦਰ ਨਗਰ, ਬਿਰਦਵਾਨ, ਮੇਦਨੀਪੁਰ ਕਟਕ ਤੋਂ ਹੁੰਦੇ ਹੋਏ ਜਗਨ ਨਾਥ ਪੁਰੀ ਪਹੁੰਚੇ। ਜਿਥੇ ਆਰਤੀ ਕਰ ਰਹੇ ਪਾਂਡਿਆਂ ਨੂੰ ਸੱਚੀ ਆਰਤੀ ਕਰਨ ਦੀ ਜਾਚ ਦਸੀ। ਇਥੋਂ ਅਗੇ ਚਿਲਕਾਂ ਛੰਦਾ ਦੇ ਕੰਢੇ ਹੁੰਦੇ ਹੋਏ, ਵਿੰਧੀਆ ਚਲ ਪਰਬਤ ਰਾਹੀਂ ਜਬਲਪੁਰ, ਪੂੰਨਾ ਝਾਂਸੀ, ਗਵਾਲੀਅਰ, ਭਰਤਪੁਰ, ਬਾਵਲ. ਰਿਵਾੜੀ, ਨਾਰਨੌਲ, ਗੁੜਗਾਵਾਂ, ਝੱਜਰ ਤਕ ਦੇ ਅਨੇਕਾਂ ਸੰਸਾਰੀ ਜੀਵਾਂ ਨੂੰ ਸਤਿਨਾਮ ਦਾ ਉਪਦੇਸ਼ ਦੇਂਦੇ ਹੋਏ ਅਬੋਹਰ ਪੁਜੇ। ਇਥੋਂ ਗੁਰੂ ਜੀ ਅੰਗਵਾਲ ਮਕਸੂਦ ਪੁਰ ਤੋਂ ਹੁੰਦੇ ਹੋਏ ਬਾਦਗਵਾਦ ਵਿਚ ਦੀ ਹੁੰਦੇ, ਮਲੇਰ ਕੋਟਲੇ, ਜਗਰਾਉਂ ਆਦਿ ਸਥਾਨਾਂ ਦਾ ਰਟਨ ਕਰਦੇ ਹੋਏ ਅਤੇ ਪਹਿਲੀ ਯਾਤਰਾ ਸੰਪੂਰਨ ਕਰਕੇ ਵਾਪਸ ਸੁਲਤਾਨ ਪੁਰ ਆ ਪਹੁੰਚੇ।

## ਦੂਸਰੀ ਉਦਾਸੀ

ਸੁਲਤਾਨ ਪੁਰ ਪਹੁੰਚ ਕੇ ਬੀਬੀ ਨਾਨਕੀ ਜੀ ਤੇ ਹੋਰ ਆਪਣੇ ਪਿਆਰਿਆਂ ਨੂੰ ਮਿਲਕੇ ਅਤੇ ਦਰਸ਼ਨ ਦੇ ਕੇ ਸੰਮਤ ੧੫੬੨ ਨੂੰ


Digitized by Panjab Digital Library | www.panjabdigilib.org

ਦੂਸਰੀ ਯਾਤਰਾ ਅਰੰਭ ਕੀਤੀ । ਇਹ ਯਾਤਰਾ ਦਖਣ ਦਿਸ਼ਾ ਵਲ ਜਾਣ ਵਾਲੀ ਸੀ । ਇਸ ਵੇਲੇ ਗੁਰੂ ਜੀ ਸੁਲਤਾਨ ਪੁਰ ਤੋਂ ਚਲਕੇ ਧਰਮ ਕੋਟ, ਬਠਿੰਡਾ, ਭਟਨੇਰ, ਸਰਸਾ ਤੋਂ ਹੁੰਦੇ ਹੋਏ ਬੀਕਾਨੇਰ ਦੇ ਰਸਤੇ ਅਜਮੇਰ ਤੇ ਪੁਸ਼ਕਰ ਪਹੁੰਚੇ । ਇਥੇ ਚਿਸ਼ਤੀ ਫਕੀਰ ਨੂੰ ਉਪਦੇਸ਼ ਦੇ ਕੇ ਜੀਵਨ ਮੁਕਤੀ ਦਾ ਸਹੀ ਰਸਤਾ ਦਸਿਆ । ਇਥੋਂ ਮਾਰਵਾੜ, ਜੈਸਲਮੇਰ, ਜੋਧ ਪੁਰ, ਆਬੂ, ਝਾਲਰਾ ਪਟਨ, ਉਦੇ ਪੁਰ ਚਿਤੌੜ, ਸੋਰਹੀ, ਧਾਰਾ ਨਗਰੀ, ਦੇਵ ਗੜ੍ਹ, ਪਟਨ, ਅਹਿਮਦਾ ਨਗਰ, ਆਦਿਕ ਅਸਥਾਨਾਂ ਤੋਂ ਹੁੰਦੇ ਹੋਏ ਤੇ ਜੀਵਾਂ ਦਾ ਕਲਿਆਣ ਕਰਦੇ ਹੋਏ ਬਾਂਸਵਾੜਾ ਰਾਹੀਂ ਉਜੈਨ ਜਾ ਪੁਜੇ । ਇਥੋਂ ਇੰਦੋਰ, ਹੁਸੰਗਾ ਬਾਦ, ਬਰਹਾਨ ਪੁਰ, ਬਿੱਦਰ, ਗੋਲ ਕੰਡਾ ਤੋਂ ਖੰਡਰ ਪੁਰ ਪੁਜੇ। ਇਹ ਨਾਮ ਦੇਵ ਜੀ ਦੀ ਜਨਮ ਭੂਮੀ ਹੈ। ਇਥੋਂ ਤ੍ਰਿਚਨਾਪਲੀ ਮਾਰਕਾਟ, ਪਾਂਡੀਚਰੀ ਤੋਂ ਸ੍ਰੀ ਰੰਗ ਪਟਨ, ਤੋਂ ਹੁੰਦੇ ਹੋਏ ਰਾਮੇਸ਼ਵਰ ਪੁਜੇ । ਇਥੋਂ ਫਿਰ ਲੰਕਾ ਗਏ । ਇਥੋਂ ਮੁੜ ਕੇ ਰਾਜਾ ਸ਼ਿਵਨਾਭ ਦੀ ਰਾਜਧਾਨੀ 'ਮਟੀਆ ਕਲਮ ਜਾ ਬਿਰਾਜੇ । ਇਥੋਂ ਅਗੇ ਟੂਟੀ ਕੋਰਨ, ਨੀਲ ਗਿਰੀ ਪਹਾੜ ਦੇ ਰਸਤੇ ਟਰਾਵਨ ਕੋਰ, ਕਾਲੀਕਟ ਤੰਜੋਰ, ਕੋਚੀਨ, ਬੰਗਲੌਰ, ਗੋਆ, ਰਤਨ ਗਿਰੀ, ਬੰਬਈ ਤੋਂ ਹੰਦੇ ਹੋਏ ਨਾਸਿਕ ਰਾਹੀਂ ਸੂਰਤ ਪੁਜੇ । ਜਿਥੇ ਜੈਨੀਆਂ ਸਰੇਵੜਿਆਂ ਨੂੰ ਉਪਦੇਸ਼ ਕਰਕੇ ਸਿਧੇ ਰਸਤੇ ਪਾਇਆ। ਇਥੋਂ ਸੂਰਤ, ਬੜੋਦਾ, ਅਹਿਮਦਾਬਾਦ ਭਵਨਗਰ, ਜੂਨਾ ਗੜ੍ਹ, ਨਰਸੀ (ਭਗਤ ਨਾਮ ਦੇਵ ਜੀ ਦੀ ਜਨਮ ਭੂਮੀ) ਤੋਂ ਦਵਾਰਕਾ ਪੁਜੇ । ਇਸ ਰਾਹ ਵਿਚ ਅਮਰ ਕੋਟ, ਅਹਿਮਦ ਪੁਰ, ਖਾਨਪੁਰ ਬਹਾਵਲ ਪੁਰ ਵਿਚੋਂ ਹੁੰਦੇ ਹੋਏ ਸ਼ੁਜਾਅਬਾਦ, ਸ਼ੇਰਸ਼ਾਹ ਰਾਹੀਂ ਮੁਲਤਾਨ ਆ ਗਏ । ਇਥੋਂ ਸੋਰ ਕੋਟ, ਕਮਾਲੀਆ, ਝੰਗ ਦੇ ਰਸਤੇ ਤਲੰਭੇ ਪੁਜੇ । ਇਥੋਂ ਰਾਇ ਭੋਇ ਦੀ ਤਲਵੰਡੀ ਵਿਚੋਂ ਹੁੰਦੇ ਹੋਏ ਕਰਤਾਰ ਪੁਰ ਪੁਜੇ ਜਿਥੇ ਸੰਮਤ ੧੫੬੧ ਵਿਚ ਇਸਦੀ ਨੀਂਹ ਰਖੀ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਧੰਨ ਨਾਨਕ ਨਿਰੰਕਾਰੀ



ਨਾਮੁ ਖੁਮਾਰੀ ਨਾਨਕਾ, ਚੜੀ ਰਹੈ ਦਿਨੁ ਰਾਤਿ ।

Digitized by Panjab Digital Library | www.panjabdigilib.org

# ਤੀਜੀ ਉਦਾਸੀ

ਸੰਮਤ ੧੫੭੧ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਤੀਸਰੀ ਉਦਾਸੀ ਦਾ ਅਰੰਭ ਕਰਤਾਰਪੁਰ ਤੋਂ ਕੀਤਾ। ਉਹ ਉਥੋਂ ਕਲਾਨੌਰ, ਗੁਰਦਾਸਪੁਰ, ਦਸੂਹਾ, ਪਾਲਮਪੁਰ ਤੋਂ ਹੁੰਦੇ ਹੋਏ ਕਾਂਗੜੇ ਪੁਜੇ। ਇਥੇ ਜਵਾਲਾਮੁਖੀ ਦੇ ਪਾਂਡਿਆਂ ਨੂੰ ਸਤਿ ਦਾ ਉਪਦੇਸ਼ ਦੇ ਕੇ ਸਿਧੇ ਰਸਤੇ ਪਾਇਆ। ਫਿਰ ਮੰਡੀ ਦੇ ਰਾਜੇ ਨੂੰ ਉਪਦੇਸ਼ ਕਰ ਕੇ ਰਵਾਲਸਰ ਜਾ ਪੁਜੇ। ਇਥੋਂ ਅਗੇ ਚੰਬਾ, ਕੁਲੂ, ਨਾਲਾ ਗੜ੍ਹ ਪੰਜੋਰ, ਕਰੋਲ, ਸ਼ਿਮਲਾ, ਸਪਾਟੂ, ਸਰਮੌਰ, ਗੜਵਾਨ, ਮਨਸੂਰੀ ਤੋਂ ਹੁੰਦੇ ਹੋਏ ਬਦਰੀ ਨਾਥ ਜਾ ਪੁਜੇ। ਉਥੇ ਪੁਠੇ ਰਸਤੇ ਪਏ ਹੋਏ ਪਾਂਡਿਆਂ ਨੂੰ ਸਚ ਦਾ ਉਪਦੇਸ਼ ਦੇ ਕੇ ਠੀਕ ਰਾਹ ਤੇ ਚਲਣ ਦੀ ਪ੍ਰੇਰਨਾ ਕੀਤੀ। ਇਥੋਂ ਹੇਮ ਕੁੰਡ ਤੇ ਸਪਤ ਸ੍ਰਿੰਗ ਰਾਹੀਂ ਉਤਰਾ ਖੰਡ ਪਜੇ। ਇਥੋਂ ਦੇ ਰਾਜੇ ਨੂੰ ਸਤਿ ਦਾ ਉਪਦੇਸ਼ ਦੇ ਕੇ ਨਿਹਾਲ ਕੀਤਾ। ਰਾਣੀ ਖੇਤ, ਅਲਮੋੜਾ, ਗੜ ਮੁਕਤੇਸ਼ਵਰ ਤੋਂ ਹੁੰਦੇ ਹੋਏ ਗੋਰਖ ਮਤੇ ਪੁਜੇ। ਇਥੇ ਗੋਰਖ ਨਾਥ ਦੇ ਚੇਲਿਆਂ ਨਾਲ ਗਿਆਨ ਗੋਸ਼ਟੀ ਹੋਈ। ਗੁਰਦੇਵ ਜੀ ਨੇ ਜੋਗੀਆਂ ਨੂੰ ਉਪਦੇਸ਼ ਦੇ ਕੇ ਪਖੰਡਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਕੀਤੀ ਤੇ ਸਚੇ ਮਾਰਗ ਤੇ ਚਲਣ ਲਈ ਠੀਕ ਰਾਹ ਦਰਸਾਇਆ। ਇਥੇ "ਕੌੜੇ ਰੀਠੇ ਮਿਠੇ ਕਰ ਵਿਖਾਏ।" ਇਥੋਂ ਫਿਰ ਪੀਲੀ ਭੀਤ ਦੇ ਰਸਤੇ ਅਯੁੱਧਿਆ, ਗੋਰਖ ਪੁਰ ਆਦਿਕ ਅਸਥਾਨਾਂ ਤੋਂ ਹੁੰਦੇ ਹੋਏ ਜਨਕਪੁਰੀ ਪੁਜੇ। ਨੇਪਾਲ ਦੇ ਸ਼ਹਿਰਾਂ ਵਿਚ ਸਤਿਕਰਤਾਰ ਜਪਾਉਂਦੇ ਹੋਏ ਕਠਮੰਡੂ ਪੁਜੇ। ਇਥੋਂ ਸਿਕਮ ਦੀ ਰਾਜਧਾਨੀ ਤਾਮਲਿੰਗ ਦੇ ਰਸਤੇ ਦਾਰਜੀਲਿੰਗ ਪੁਜੇ। ਇਥੋਂ ਤਿਬਤ ਦੀ ਰਾਜਧਾਨੀ ਗਏ ਲਾਸਾ ਵਾਸੀਆਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਮਾਨ ਸਰੋਵਰ, ਕੈਲਾਸ਼ ਪਰਬਤ, ਯਾਰ ਕੰਦ, ਲਦਾਖ, ਗਿਲਗਿਤ, ਸ੍ਰੀ ਨਗਰ, ਕਸਤਵਾਰ, ਜਸਰੋਟਾ, ਮਾਧੋਪੁਰ, ਸੁਜਾਨ ਪੁਰ ਤੋਂ ਪਠਾਨਕੋਟ ਦੇ ਰਸਤੇ ਸੰਸਾਰੀ ਜੀਵਾਂ ਨੂੰ ਸਤਿਨਾਮ ਦਾ ਉਪਦੇਸ਼ ਦੇਂਦੇ ਹੋਏ ਮੁੜ ਕਰਤਾਰ ਪੁਰ ਆ ਨਿਵਾਸ ਕੀਤਾ।

Digitized by Panjab Digital Library | www.panjabdigilib.org

# ਚੌਥੀ ਉਦਾਸੀ

ਇਹ ਯਾਤਰਾ ਆਖਰੀ ਯਾਤਰਾ ਸੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਮਤ ੧੫੭੫ ਬਿਕਰਮੀ ਨੂੰ ਸ਼ੁਰੂ ਕੀਤੀ। ਗੁਰਦੇਵ ਜੀ ਆਪਣੇ ਡੇਰੇ ਤੋਂ ਚਲ ਕੇ ਸ਼ਕਰ ਪਰ, ਸ਼ੇਖੁ ਪੁਰ, ਕਟਾਸ ਤੀਰਥ ਤੋਂ ਹੋਂਦੇ ਹੋਏ ਪਿੰਡ ਦਾਦਨ ਖਾਂ ਰਾਹੀਂ ਬਾਲ ਗੁੰਦਾਈ ਜੋਗੀ ਦੇ ਡੇਰੇ ਤੇ ਪੁਜੇ, ਜਿਥੇ ਜੋਗੀਆਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਸਿਧੇ ਮਾਰਗ ਪਾਇਆ। ਇਥੋਂ ਕਾਲ ਬਾਹਾ ਡੇਰਾ ਦੀਨ ਪਨਾਹ, ਡੇਰਾ ਗਾਂਜੀ ਖਾਂ ਦੇ ਰਸਤੇ ਸਖੀ ਸਰਵਰ ਦੇ ਸਥਾਨ ਤੇ ਪੁਜੇ। ਇਥੇ ਸਖੀ ਸਰਵਰ, ਮੁਲਤਾਨ ਦੇ ਫਕੀਰਾਂ ਦਾ ਤੰਗ ਕੀਤਾ ਹੋਇਆ ਚਿੱਲਾ ਕਟ ਰਿਹਾ ਸੀ, ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਸ਼ਾਂਤ ਕੀਤਾ ਅਤੇ ਕਿਹਾ ਕਿ ਉਸ ਦਾਤੇ ਦੀ ਰਜ਼ਾ ਵਿੱਚ ਹੀ ਸੁਖ ਤੇ ਸ਼ਾਤੀ ਮਿਲਦੀ ਹੈ। ਇਥੋਂ ਅਗੇ ਜਾਮਪੁਰ, ਹਨਦ, ਫਾਜ਼ਲਪੁਰ ਰਾਜਨ ਕੋਟ, ਮਿਠਨਕੋਟ, ਗੋਸਨ, ਸੱਖਰ, ਭਖਰ ਟੇਡੀ, ਰਾਹੀਂ ਸਾਧ ਬੇਥੇ ਪੁਜੇ। ਸ਼ਿਕਾਰ ਪੁਰ, ਭਟਾਂ ਦੇ ਰਸਤੇ ਸਤਿਨਾਮ ਦਾ ਪ੍ਰਚਾਰ ਕਰਦੇ ਹੋਏ ਹਿੰਗਲਾਜ ਪੁਜੇ। ਉਥੇ ਦੇ ਪਾਂਡਿਆਂ ਨੂੰ ਸਿਧੇ ਰਾਹ ਪਾਕੇ ਕਰਾਚੀ, ਅਦਨ ਥਾਂਣੀ ਹੋ ਕੇ ਮੱਕੇ ਜਾ ਬਿਰਾਜੇ। ਇਥੇ ਵੀ ਭੁਲੇ ਹੋਏ ਤੇ ਪੁਠੇ ਰਾਹ ਪਏ ਹਾਜੀਆਂ ਨੂੰ ਜ਼ਾਹਰੀ ਕਲਾ ਵਿਖਾ ਕੇ ਮੱਕਾ ਫੇਰਿਆ ਤੇ ਉਨ੍ਹਾਂ ਦੇ ਮਨਾਂ ਵਿਚ ਪਏ ਭਲੇਖੇ ਦੂਰ ਕੀਤੇ। ਇਸੇ ਤਰ੍ਹਾਂ ਮਦੀਨੇ ਗਏ, ਉਥੇ ਵੀ ਸਿਧਾ ਮਾਰਗ ਦਸਿਆ ਤੇ ਉਸ ਉਤੇ ਚਲਣ ਦੀ ਪ੍ਰੇਰਨਾ ਕੀਤੀ। ਅਜਾਰਾ ਮਸਹਦ ਪੁਜ ਕੇ ਰੋਮਾਂ ਦੇ ਪੋਪ ਨੂੰ ਸਹੀ ਰਸਤਾ ਦਸਿਆ। ਯੂਨਾਨ ਦੀ ਰਾਜਧਾਨੀ ਅਥਨਜ਼ ਤੋਂ ਹੁੰਦੇ ਹੋਏ ਕੁਸਤੁਨਤੁਨੀਆਂ, ਸਿਮਰਨਾ, ਦਮਿਸ਼ਕ, ਯੂਰੋਸਲਮ, ਕਰਬਲਾ, ਤਹਿਰਾਨ, ਅਸਫਹਾਨ ਦੇ ਰਸਤੇ ਸਤਿ ਦਾ ਪਰਚਾਰ ਕਰਦੇ ਹੋਏ ਬਗਦਾਦ ਪੁਜੇ। ਇਥੇ ਪੀਰ ਦਸਤਗੀਰ ਨੂੰ ਲੱਖਾਂ ਆਕਾਸ਼ ਤੇ ਪਾਤਾਲ ਵਿਖਾ ਕੇ ਆਪਣਾ ਮੁਰੀਦ ਬਣਾਇਆ। ਉਥੇ ਲਖਾਂ ਇਨਸਾਨ

Digitized by Panjab Digital Library | www.panjabdigilib.org

ਹੁਣ ਵੀ "ਵਲੀ ਹਿੰਦ, ਬਾਬਾ ਨਾਨਕ" ਦੇ ਮੁਰੀਦ ਹਨ । ਬਸਰਾ, ਨੈਸ਼ਾਪੁਰ, ਉਰੂ ਗੰਜ, ਤਾਸ਼ ਕੰਦ, ਕਰਮੀਨਾ ਦੇ ਰਸਤੇ ਬੁਖਾਰੇ ਪੁਜੇ। ਜਿਥੇ ਵਡੇ ਵਡੇ ਮੁਲਾਣਿਆਂ ਨਾਲ ਚਰਚਾ ਹੋਈ, ਉਹ ਅੰਤ ਹਾਰ ਕੇ ਬਾਬਾ ਜੀ ਦੀ ਚਰਨੀਂ ਲਗੇ । ਸਮਰ ਕੰਦ, ਪੰਜ ਸੰਬਾ, ਬਲਖ ਸੇਗਣ ਖੁਲਮ ਦੇ ਰਸਤੇ ਕਾਬਲ ਪੁਜੇ। ਇਥੇ ਇਕ ਮਸੀਤ ਨੂੰ ਸ਼ਹਿਰ ਦਵਾਲੇ ਘੁਮਾਣ ਦਾ ਕੌਤਕ ਕਰ ਵਿਖਾਇਆ । ਜ਼ਿਸ ਤੋਂ ਮੁਸਲਮਾਨ ਹੈਰਾਨ ਹੋਏ ਤੇ ਮੁਰੀਦ ਬਣੇ । ਚਿਤਰਾਲ, ਪੰਜ ਕੌੜਾ, ਸਵਾਤ, ਮਾਲਾ ਕੰਦ, ਜਲਾਲਾਬਾਦ, ਜਮਰੌਦ, ਦਰਾ ਖੈਬਰ ਦੇ ਰਸਤੇ ਪਸ਼ਾਵਰ ਪੁਜੇ। ਇਥੋਂ ਨੌਸ਼ਹਿਰਾ ਤੇ ਹਸਨ ਅਬਦਾਲ ਪੁਜੇ । ਇਥੇ ਵਲੀ ਕੰਧਾਰੀ ਤੋਂ ਮਰਦਾਨੇ ਲਈ ਪਾਣੀ ਮੰਗਿਆ। ਉਸਦੇ ਨਾਂਹ ਕਰਨ ਤੇ ਪਾਣੀ ਹੇਠਾਂ ਖਿਚ ਲਿਆ । ਵਲੀ ਨੇ ਪਥਰ ਨੂੰ ਰੇੜ੍ਹਿਆ ਜਿਸਨੂੰ ਗੁਰਦੇਵ ਜੀ ਨੇ ਪੰਜੇ ਨਾਲ ਰੋਕਿਆ । ਇਹ ਪੰਜਾ ਅਜ ਤੀਕ ਮੌਜੂਦ ਹੈ ਤੇ ਇਸੇ ਲਈ ਇਸ ਥਾਂ ਦਾ ਨਾਂ ਪੰਜਾ ਸਾਹਿਬ ਪੈ ਗਿਆ ਹੈ । ਇਥੋਂ ਰਾਵਲ ਪਿੰਡੀ, ਕਹੂਟਾ, ਮਰੀ, ਮੀਰ ਪੁਰ, ਭਿੰਬਰ, ਅਹਿਮਦ ਪੁਰ, ਦੇ ਰਸਤੇ ਸਿਆਲ ਕੋਟ ਮੂਲੇ ਖਤਰੀ ਨੂੰ ਮਿਲਣ ਗਏ ਉਹ ਅਗੋਂ ਲੁਕ ਗਿਆ ਤੇ ਸਪ ਲੜਨ ਨਾਲ ਮਰ ਗਿਆ। ਉਸ ਵੇਲੇ ਸਤਿਗੁਰੂ ਜੀ ਨੇ ਉਚਾਰਨ ਕੀਤਾ:—

ਨਾਲ ਕਰਾੜਾਂ ਦੋਸਤੀ ਕੂੜੇ ਕੂੜੀ ਪਾਇ।
ਮਰਣ ਨਾ ਜਾਤੋ ਮੂਲਿਆ ਆਇਓ ਕਿਤੈ ਥਾਇ।

ਇਹ ਮਹਾਂਵਾਕ ਉਚਾਰ ਗੁਰਦੇਵ ਜੀ ਏਮਨਾ ਬਾਦ ਥਾਣੀ ਹੁੰਦੇ ਹੋਏ ਆਪਣੀ ਚੌਥੀ ਯਾਤਰਾ ਸੰਪੂਰਨ ਕਰਕੇ ਵਾਪਸ ਤਲਵੰਡੀ ਪੁਜ ਗਏ ।

ਇਨ੍ਹਾਂ ਉਪਰਲੀਆਂ ਚਾਰਾਂ ਉਦਾਸੀਆਂ ਵਿਚ ਗੁਰਦੇਵ ਜੀ ਨੂੰ ਕਈ ਕਿਸਮ ਦੇ ਸੰਸਾਰੀ ਜੀਵਾਂ ਨਾਲ ਵਾਹ ਪਿਆ । ਜਿਨ੍ਹਾਂ ਰਾਹੀਂ

Digitized by Panjab Digital Library | www.panjabdigilib.org

ਕਈ ਪਰਕਾਰ ਦੀਆਂ ਦੁਖ ਤਕਲੀਫਾਂ ਅਗੇ ਆਈਆਂ। ਇਹ ਸਭ ਸਹਾਰਦੇ ਹੋਏ ਗੁਰੂ ਜੀ ਸ਼ਾਂਤ ਚਿਤ ਵਾਹਿਗੁਰੂ ਜੀ ਦੇ ਚਰਨਾਂ ਨਾਲ ਲਿਵ ਜੋੜੀ ਹੋਈ ਅਗੇ ਹੀ ਅਗੇ ਵਧੇ ਗਏ। ਇਨ੍ਹਾਂ ਸਫਰਾਂ ਵਿਚ ਸਭ ਨੂੰ ਪਿਆਰ ਨਾਲ ਸ਼ਾਂਤ ਚਿਤ ਰਹਿ ਕੇ ਸੱਚੇ ਮਾਰਗ ਤੇ ਚਲਣ ਦਾ ਉਪਦੇਸ਼ ਦਿਤਾ। ਕਿਧਰੇ ਵੀ ਉਹ ਕਰੋਧ ਵਿਚ ਨਹੀਂ ਆਏ ਅਤੇ ਨਾ ਹੀ ਕਿਸੇ ਨੂੰ ਕਿਸੇ ਕਿਸਮ ਦੀ ਬਦਅਸੀਸ ਦਿਤੀ, ਸਗੋਂ ਉਨ੍ਹਾਂ ਨੇ ਹਰ ਪਰਾਣੀ ਮਾਤਰ ਦੀ ਸਤਿਨਾਮ ਦੇ ਉਪਦੇਸ ਦੁਆਰਾ ਸੇਵਾ ਕਰ ਕੇ ਉਨ੍ਹਾਂ ਦੇ ਜਨਮ ਮਰਨ ਦੇ ਗੇੜ ਨੂੰ ਸਦਾ ਲਈ ਖਤਮ ਕਰ ਦਿਤਾ। ਧੰਨ ਸਨ ਉਹ ਜਿਨ੍ਹਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਆਪਣਾ ਜੀਵਨ ਸਫਲਾ ਕਰ ਲਿਆ।

ਅਸੀਂ ਵੀ ਇਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਉਤਸਵ ਬੜੇ ਚਾਅ ਤੇ ਉਤਸ਼ਾਹ ਨਾਲ ਮਨਾ ਰਹੇ ਹਾਂ। ਕਿਹਾ ਚੰਗਾ ਹੋਵੇ ਜੇ ਅਸੀਂ ਵੀ ਇਹ ਦਿਨ ਮਨਾਉਂਦੇ ਹੋਏ, ਉਨ੍ਹਾਂ ਦੇ ਦਿਤੇ ਹੋਏ ਉਪਦੇਸ਼ਾਂ ਤੇ ਚਲਣ ਦਾ ਵੀ ਪਣ ਕਰੀਏ। ਜਿਸ ਨਾਲ ਪ੍ਰਾਣੀ ਮਾਤਰ ਦੀ ਸੇਵਾ ਕਰਦੇ ਹੋਏ ਆਪਣਾ ਅਗਾ ਸਵਾਰ ਲਈਏ ਅਤੇ ਸਦਾ ਲਈ ਚੌਰਾਸੀ ਦੇ ਗੇੜ ਵਿਚੋਂ ਨਿਕਲ ਕੇ ਦਾਤੇ ਦੇ ਚਰਨਾਂ ਵਿਚ ਲੀਨ ਹੋ ਜਾਈਏ।

Digitized by Panjab Digital Library | www.panjabdigilib.org

# ਹਜ਼ਰਤ ਬਾਬਾ ਗੁਰੂ ਨਾਨਕ

## ਕੇ

# ਹਜ਼ੂਰ ਮੇਂ

ਕਾਜ਼ੀ ਮੁਹੰਮਦ ਇਸਹਾਕ ਹਾਫਿਜ਼ ਸਹਾਰਨ ਪੁਰੀ,
ਅੰਬਾਲਾ ਸ਼ਹਿਰ ।

ਗੁਰੂ ਨਾਨਕ ਕਿ ਜਿਸ ਨੇ ਜ਼ਿੰਦਗੀ ਕਾ ਰਾਜ਼ ਸਮਝਾਇਆ ।
ਗੁਰੂ ਨਾਨਕ ਕਿ ਜਿਸ ਨੇ ਹੱਕ ਕਾ ਰਸਤਾ ਸਭ ਦਿਖਲਾਇਆ ।

ਗੁਰੂ ਨਾਨਕ ਕਿ ਜੋ ਸਰ ਚਸ਼ਮਾਂ ਏ ਰਸਦਓ ਹਿਦਾਇਤ ਥਾ ।
ਗੁਰੂ ਨਾਨਕ ਖਜ਼ਾਨਾ ਥਾ ਜੋ ਅਕਲੋਂ ਫਹਿਮ ਵਾ ਹਿਕਮਤ ਕਾ ।

ਗੁਰੂ ਨਾਨਕ ਕਿ ਜਿਸ ਕੋ ਬਾਯਕੀਨ ਈਮਾਨ ਹਾਸਲ ਥਾ ।
ਗੁਰੂ ਨਾਨਕ ਕਿ ਜਿਸ ਕੋ ਦੀਨ ਕਾ ਫ਼ਹਿਚਾਨ ਹਾਸਲ ਥਾ ।

ਗੁਰੂ ਨਾਨਕ ਵਿਛਾਉਨਾ ਓੜਨਾ ਜਿਸ ਕਾ ਮੁਹਬਤ ਥਾ ।
ਵੋਹ ਜਿਸ ਕੇ ਦਮ ਸੇ ਦੁਨੀਆਂ ਮੇਂ ਵਕਾਰੇ ਆਦਮੀਅਤ ਥਾ ।

ਗੁਰੂ ਨਾਨਕ ਜੋ ਕਰਤਾ ਹੈ ਦਿਲੋਂ ਪਰ ਅਬ ਭੀ ਸੁਲਤਾਨੀ ।
ਗੁਰੂ ਨਾਨਕ ਜੋ ਥਾ ਇਕ ਗੋਹਰੇ ਨਾਯਾਬ ਈਮਾਨੀ ।

ਗੁਰੂ ਨਾਨਕ ਜੋ ਥਾ ਪੀਰੇ ਤਰੀਕਤ ਮੁਰਸ਼ਦੇ ਕਾਮਲ ਥਾ ।
ਗੁਰੂ ਨਾਨਕ ਜਿਸੇ ਅਲਾ ਕਾ ਉਰਫ਼ਾਨ ਹਾਸਲ ਥਾ ।

Digitized by Panjab Digital Library | www.panjabdigilib.org

ਗੁਰੂ ਨਾਨਕ ਜੋ ਥਾ ਹੱਕ ਕਾ ਬੜਾ ਪਹਿਚਾਨਣੇ ਵਾਲਾ।
ਖ਼ੁਦਾ ਕੇ ਨਾਮ ਕਾ ਆਸ਼ਕ ਖ਼ੁਦਾ ਕਾ ਮਾਨਨੇ ਵਾਲਾ।

ਗੁਰੂ ਨਾਨਕ ਹੁਈ ਹੈ ਰਹਿਮਤੋਂ ਕੀ ਜਿਸ ਸੇ ਅਰਜ਼ਾਨੀ।
ਗੁਰੂ ਨਾਨਕ ਹੁਆ ਹੈ ਕੁਫ਼ਰ ਕਾ ਜਿਸੇ ਜਿਗਰਪਾਨੀ।

ਗੁਰੂ ਨਾਨਕ ਜੋ ਹਰ ਮਜ਼ਲੂਮ ਕਾ ਪਕੱਸ਼ ਕਾ ਹਾਮੀ ਥਾ।
ਗੁਰੂ ਨਾਨਕ ਜੋ ਆਜ਼ਾਦੀਏ ਇਨਸਾਂ ਕਾ ਖਿਆਮੀ ਥਾ।

ਗੁਰੂ ਨਾਨਕ ਕਿ ਜਿਸ ਕੇ ਨਾਮ ਮੇਂ ਰਹਿਮਤ ਹੈ ਬਰਕਤ ਹੈ।
ਬਜੇ ਹੈਂ ਚਾਰ ਸੂ-ਆਲਮ ਮੇਂ ਜਿਸ ਕੇ ਨਾਮ ਕੇ ਡੰਕੇ।

ਗੁਰੂ ਨਾਨਕ ਜਿਸੇ ਹਰ ਇਕ ਵਫ਼ਾ ਸੇ ਲੂਟ ਸਕਤਾ ਥਾ।
ਗੁਰੂ ਨਾਨਕ ਜੋ ਝੁਕ ਸਕਤਾ ਨਹੀਂ ਥਾ ਟੂਟ ਸਕਤਾ ਥਾ।

ਜਹਾਂਨੇ ਕੁਫ਼ਰ ਕਿ ਅਰਜ਼ੋ ਸਮਾ ਜਿਸ ਸੇ ਲਰਜ਼ਤੇ ਥੇ।
ਗੁਰੂ ਨਾਨਕ ਕਿ ਸਭ ਝੂਠੇ ਖ਼ੁਦਾ ਜਿਸ ਸੇ ਲਰਜ਼ਤੇ ਥੇ।

ਗੁਰੂ ਨਾਨਕ ਕਾ ਹਰ ਇਕ ਕਾਰਨਾਮਾਂ ਜਾਵਦਾਨੀ ਹੈ।
ਗੁਰੂ ਨਾਨਕ ਕਾ ਪੈਗ਼ਾਮੇਂ ਹਦਾਇਤ ਗ਼ੈਰਫ਼ਾਨੀ ਹੈ।

ਉਸੇ ਲੌਹੇ ਜਹਾਂ ਸੇ ਮਹਿਵ ਕੋਈ ਕਰ ਨਹੀਂ ਸਕਤਾ।
ਪਿਆਮੇਂ ਜਾਵਦਾਂ ਉਸ ਕਾ ਅਬਦ ਤਕ ਮਰ ਨਹੀਂ ਸਕਤਾ।

ਗੁਰੂ ਨਾਨਕ ਮਸ਼ੀਯਤ ਕੀ ਨਿਗਾਹੋਂ ਕਾ ਥਾ ਇਕ ਤਾਰਾ।
ਵੋਹ ਗਰਦੋਨੇ ਮੁਹਬਤ ਥਾ ਨੂਰ ਅਫ਼ਰੋਜ਼ ਸਈਯਾਰਾ।

ਨਾ ਵੋਹ ਸਿੱਖ ਥਾ ਨਾ ਈਸਾਈ ਨਾ ਹਿੰਦੂ ਔਰ ਮੁਸਲਮ ਥਾ।
ਵੋਹ ਇਨਸਾਨੋ ਕਾ ਰਹਿਬਰ ਥਾ ਵੋਹ ਇਨਸਾਂ ਥਾ ਵੋਹ ਇਨਸਾਂ ਥਾ।

Digitized by Panjab Digital Library | www.panjabdigilib.org

ਮਗਰ ਇਨਸਾਨ ਥਾ ਐਸਾ ਫ਼ਰਿਸ਼ਤੇ ਜਿਸ ਪੇ ਕੁਰਬਾਂ ਹੋਂ ।
ਵੋਹ ਜਿਸ ਕੀ ਇਕ ਨਿਗਾਹੇ ਮਿਹਰ ਸੇ ਜ਼ੱਗਤਇ ਤਾਂਬਾ ਹੋਂ ।

ਵੋਹ ਇਨਸਾਂ ਐਸਾ ਇਨਸਾਂ ਥਾ ਜੋ ਇਨਸਾਨੋਂ ਸੇ ਬੜ ਕਰ ਥਾ ।
ਖ਼ੁੱਦਾ ਕਾ ਖਾਸ ਬੰਦਾ ਥਾ ਖ਼ੁਦਾ ਵਾਲੋਂ ਕਾ ਅਫਸਰ ਥਾ ।

ਕਹਾ ਉਸ ਨੇ ਖ਼ੁਦਾ ਕੇ ਜਿਤਨੇ ਬੰਦੇ ਹੈਂ ਬਰਾਬਰ ਹੈਂ ।
ਨਾ ਊਂਚੇ ਹੈਂ ਨਾਂ ਨੀਚੇ ਹੈਂ ਨਾ ਬਦਤਰ ਨਾ ਕਮਤਰ ਹੈਂ ।

ਨਹੀਂ ਰਖਤਾ ਥਾ ਫ਼ਰਕ ਉਨ ਮੇਂ ਸਭ ਇਨਸਾਂ ਬਰਾਬਰ ਥੇ ।
ਨਜ਼ਰ ਮੇਂ ਉਸ ਕੀ ਹਿੰਦੂ ਸਿੱਖ ਮੁਸਲਮਾਂ ਸਭ ਬਰਾਬਰ ਥੇ ।

ਕਹਾ ਉਸ ਨੇ ਯਹਾਂ ਕੋਈ ਨਹੀਂ ਛੱਟਾ ਬੜਾ ਹੋਗਾ ।
ਅਗਰ ਕੋਈ ਬੜਾ ਹੋਗਾ ਅਮਲ ਸੇ ਹੀ ਬੜਾ ਹੋਗਾ ।

ਵੋਹ ਬਨ ਸਕਤਾ ਹੈ ਸ਼ੋਲਾ ਭੀ ਵੋਹ ਬਨ ਸਕਤਾ ਹੈ ਸ਼ਬਨਮ ਭੀ ।
ਅਮਲ ਸੇ ਜ਼ਿੰਦਗੀ ਬਨਤੀ ਹੈ ਜਿਨਤ ਭੀ ਜਹੰਨਮ ਭੀ ।

ਗੁਰੂ ਨਾਨਕ ਯਕੀਨਨ ਥਾ ਖ਼ੁਦਾਈ ਆਲਮ ਕਾ ਦਰਯਾ ।
ਯਕੀਨਨ ਕਲਬੇ ਅਤਹਰ ਉਸ ਕਾ ਥਾ ਸ਼ਫ਼ਾਫ ਆਈਨਾ ।

ਵੋਹ ਆਈਨਾ ਕਿ ਜਿਸ ਪਰ ਨੂਰ ਥਾ ਤੌਹੀਦ ਕਾ ਅਫਸ਼ਾਂ ।
ਤਜੱਲੀ ਸੇ ਹੂਆ ਜਿਸ ਕੀ ਬਹੁਤ ਰੋਸ਼ਨ ਦਿਲੇ ਇਨਸਾਂ ।

ਮਿਟਾਇਆ ਜ਼ੁਲਮ ਤੋਂ ਕੋ ਕੁਫਰ ਕੀ ਉਸ ਮਾਹੇ ਕਾਮਲ ਨੇ ।
ਕੀਆ ਜ਼ਿੰਦਾ ਸਭੀ ਮੁਰਦਾ ਦਿਲੋਂ ਕੋ ਜਾਨੇ ਮਹਿਫਲ ਨੇ ।

ਗੁਰੂ ਨਾਨਕ ਕੇ ਕਦਮੋਂ ਮੇਂ ਖ਼ੁਦ ਆਈ ਦੌੜ ਕਰ ਮਨਜ਼ਲ ।
ਗੁਰੂ ਨਾਨਕ ਨੇ ਇਨਸਾਂ ਕੋ ਖ਼ੁੱਦਾ ਸੇ ਕਰ ਦੀਆ ਵਾਸਲ ।

ਗੁਰੂ ਨਾਨਕ ਕਿ ਜਿਸ ਕੇ ਨਾਮ ਲੇਵਾ ਵੋਹ ਦਿਲਾਵਰ ਥੇ ।
ਕਿ ਜਿਨ ਕੇ ਨਾਮ ਹੀ ਸੇ ਕਾਂਪਤੇ ਥੇ ਜ਼ੁਲਮ ਕੇ ਪੁਤਲੇ ।

Digitized by Panjab Digital Library | www.panjabdigilib.org

ਜਿਨੋਂ ਨੇ ਕਸਰੇ ਜਬਰੋ ਜ਼ੁਲਮ ਕੀ ਬੁਨਿਆਦ ਤਕ ਢਾ ਦੀ।
ਜ਼ਮਾਨਾਂ ਕੋ ਜਿਨੋਂ ਨੇ ਜੁਰੱਤੇ ਰਿਦਾਨਾਂ ਦਿਖਲਾ ਦੀ।

ਜਿਨੋਂ ਨੇ ਰੰਗ ਹੀ ਸਾਰੇ ਜ਼ਮਾਨੇ ਕਾ ਬਦਲ ਡਾਲਾ।
ਸ਼ਹਿਨਸ਼ਾਹੀ ਕੋ ਬੜ ਕਰ ਅਪਨੇ ਕਦਮੋਂ ਸੇ ਕੁਚਲ ਡਾਲਾ।

ਗਲਤ ਹੈ ਜੋ ਯੇਹ ਕਹਿਤਾ ਹੈ, ਮੁਸਲਮਾਨੋਂ ਕੇ ਦੁਸ਼ਮਨ ਥੇ।
ਵੋ ਜ਼ਾਲਮ ਬਾਦਸ਼ਾਹੋਂ ਔਰ ਸੁਲਤਾਨੋਂ ਕੇ ਦੁਸ਼ਮਨ ਥੇ।

ਸਦਾਕਤ ਉਨ ਕਾ ਮਜ਼ਹਬ ਥਾ, ਵੋਹ ਮਜ਼ਲੂਮੋਂ ਕੇ ਹਾਮੀ ਥੇ।
ਮਸਾਵਾਤ ਮੁਹਬਤ ਕੇ ਵੋਹ ਦੁਨੀਆਂ ਮੇਂ ਪੈਆਮੀ ਥੇ।

ਕਰੋ ਯੇਹ ਅਹਿਦ ਮਿਲ ਕਰ ਆਜ ਉਸ ਕੇ ਨਾਮ ਲੇਵਾਓ।
ਔਰ ਅਪਨੇ ਅਹਿਦ ਕੋ ਹਰ ਰੋਜ਼ ਔਰ ਹਰ ਵਕੱਤ ਦੁਹਰਾਓ।

ਕਿ ਹਮ ਤਾਲੀਮ ਕੋ ਉਸਕੀ, ਜਹਾਂ ਮੇਂ ਆਮ ਕਰ ਦੇਂ ਗੇ।
ਮੱਏ ਤੌਹੀਦ ਸੇ ਲਬਰੇਜ਼ ਹਰ ਇਕ ਜਾਮ ਕਰ ਦੇਂ ਗੇ।

ਮੁਜਦੇ ਹਮ ਬਨਾਏਂਗੇ ਜ਼ਮਾਨੇ ਕੇ ਹਰ ਇਨਸਾਂ ਕੋ।
ਦਰੇ ਹੱਕ ਪਰ ਝੁਕਾਏਂਗੇ, ਜਮਾਨੇ ਕੇ ਹਰ ਇਨਸਾਂ ਕੋ।

ਜ਼ਲਾਲਤ ਕੁਫਰ ਕੀ ਦੁਨੀਆਂ ਸੇ, ਹਮ ਯਕਸਰ ਮਿਟਾ ਦੇਂ ਗੇ।
ਖੁਦਾ ਕੇ ਨੂਰ ਸੇ ਸਾਰੀ ਫਿਜ਼ਾ ਕੋ, ਜਗ ਮਗਾ ਦੇਂ ਗੇ।

ਵੋਹ ਮਸ਼ਰਕ ਹੋ ਕਿ ਮਗ਼ਰਿਬ, ਹਰ ਤਰਫ ਹੱਕ ਦੀ ਸੱਦਾ ਦੇਂਗੇ।
ਗੁਰੂ ਨਾਨਕ ਦੇ ਡੰਕੇ ਸਾਰੇ ਆਲਮ ਮੇਂ ਬਜਾ ਦੇਂ ਗੇ।

ਹਮ ਅਪਨਾ ਮਾਲ ਕਿਆ, ਔਲਾਦ ਭੀ ਕੁਰਬਾਨ ਕਰ ਦੇਂ ਗੇ।
ਤਸੱਦਕ ਉਸਕੇ ਕਦਮੋਂ ਪਰ, ਹਮ ਅਪਨੀ ਜਾਨ ਕਰ ਦੇਂ ਗੇ।

Digitized by Panjab Digital Library | www.panjabdigilib.org

# ਸ਼ੁਭ ਬਚਨ

† ਨਾਮ ਜਪੋ !

† ਵੰਡ ਛਕੋ !

† ਧਰਮ ਦੀ ਕਿਰਤ ਕਰੋ !

ਹਰ ਪ੍ਰਕਾਰ ਦੀ ਰੰਗਦਾਰ ਤੇ ਵਧੀਆ
ਛਪਾਈ ਲਈ

**ਸਾਜਨ ਪ੍ਰਿੰਟਰਜ਼**

ਬਾਜ਼ਾਰ ਰਾਧਾ ਕ੍ਰਿਸ਼ਨ ਅੰਬਾਲਾ ਸ਼ਹਿਰ
ਨੂੰ

**ਸਦਾ ਯਾਦ ਰਖੋ ।**

Digitized by Panjab Digital Library | www.panjabdigilib.org

ਪ'੦

# Prem Sumarg Ambala City.

Sadhuram Pur 3/6 15 21 146



ਸ੍ਰੀ ਅੰਮ੍ਰਿਤ ਕੁੰਡ-ਗੁਃ ਨਾਨਕ ਝੀਰਾ
ਬਿੱਦਰ (ਦੱਖਣ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-0757

Digitized by Panjab Digital Library | www.panjabdigilib.org

Digitized by Panjab Digital Library | www.panjabdigilib.org